ਜੂਨ 2017, ਅੰਕ 1

# Magazine on Low External Input Sustainable Agriculture

# LEISA INDIA

ਖਾਸ ਪੰਜਾਬੀ ਸੰਸਕਰਨ



ਲੀਜ਼ਾ ਇੰਡੀਆ ਦਾ ਸੱਤਵਾਂ ਪੰਜਾਬੀ ਅੰਕ ਲੀਜ਼ਾ ਇੰਡੀਆ ਦੇ ਸਹਿਯੋਗ ਨਾਲ ਖੇਤੀ ਵਿਰਾਸਤ ਮਿਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਲੀਜ਼ਾ ਇੰਡੀਆ ਵਿੱਚ ਪ੍ਰਕਾਸ਼ਿਤ ਅੰਗਰੇਜ਼ੀ ਦੇ ਕੁੱਝ ਮੂਲ ਲੇਖਾਂ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਨਜ਼ਰ ਕੀਤਾ ਗਿਆ ਹੈ।

AME Foundation
No. 204, 100 Feet Ring Road, 3rd Phase,
Banashankari 2nd block, 3rd stage,
Bangalore- 560085 , India
Tel: +91-080-22699512, +91-080-22699522
Fax: +91-080-22699410
E-Mail: leisaindia@yahoo.co.in

*ਖੇਤੀ ਵਿਰਾਸਤ ਮਿਸ਼ਨ*
*ਗਲੀ ਨੰ. 4, ਆਰ. ਬੀ. ਸ਼ਾਂਤੀ ਨਗਰ,ਬਾਜਾਖਾਨਾ ਰੋਡ,*
*ਜੈਤੋ-151202 ਸੰਪਰਕ: 01635-231415, 503415*
*ਵੈੱਬਸਾਈਟ:* khetivirasatmission.org
*ਈਮੇਲ:* khetivirasatmission@gmail.com

*ਲੀਜ਼ਾ ਇੰਡੀਆ ਏ. ਐੱਮ. ਈ. ਫਾਊਂਡੇਸ਼ਨ ਦੁਆਰਾ ਆਈ. ਐੱਲ. ਈ. ਆਈ. ਏ. ਦੇ ਸਹਿਯੋਗ ਨਾਲ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਤ੍ਰੈਮਾਸਿਕ ਪੱਤ੍ਰਿਕਾ ਹੈ।*

***ਮੁੱਖ ਸੰਪਾਦਕ:*** *ਕੇ. ਵੀ. ਐੱਸ. ਪ੍ਰਸਾਦ, ਏ. ਐੱਮ. ਈ. ਫਾਊਂਡੇਸ਼ਨ*
***ਪ੍ਰਬੰਧਕ ਸੰਪਾਦਕ:*** *ਟੀ.ਐੱਮ. ਰਾਧਾ, ਏ. ਐੱਮ. ਈ. ਫਾਊਂਡੇਸ਼ਨ*
***ਅਨੁਵਾਦ ਕੋਆਰਡੀਨੇਟਰ:*** *ਪੂਰਨਿਮਾ, ਏ. ਐੱਮ. ਈ. ਫਾਊਂਡੇਸ਼ਨ*
***ਸੰਪਾਦਕ ਮੰਡਲ ਅਤੇ ਪੰਜਾਬੀ ਸੰਸਕਰਨ:*** ਉਮੇਂਦਰ ਦੱਤ, ਗੁਰਪ੍ਰੀਤ ਦਬੜ੍ਹੀਖਾਨਾ, ਅਮਨਜੋਤ ਕੌਰ
**ਪ੍ਰਬੰਧਨ:** ਜੀ.ਜੀ.ਰੁਕਮਨੀ, ਏ.ਐੱਮ.ਈ.ਫਾਊਂਡੇਸ਼ਨ
**ਲੇਆਊਟ ਅਤੇ ਟਾਈਪ ਸੈਟਿੰਗ:** ਜਗਜੀਤ ਸਿੰਘ ਬਰਾੜ
**ਛਪਾਈ:** ਦੇ ਆਫਸੈਟ ਪ੍ਰਿੰਟਰਜ਼, ਇੰਡਸਟ੍ਰੀਅਲ ਏਰੀਆ, ਫੇਜ਼ 2, ਚੰਡੀਗੜ੍ਹ
**ਆਵਰਣ ਫੋਟੋ:** ਖੇਤੀ ਵਿਰਾਸਤ ਮਿਸ਼ਨ (ਝੋਨੇ ਦੀ ਪੌਧ ਨੂੰ ਤਰਲ ਖਾਦ ਗੁੜ ਜਲ ਅੰਮ੍ਰਿਤ ਪਾਉਂਦਾ ਕਿਸਾਨ)
**ਲੀਜ਼ਾ ਪੱਤ੍ਰਿਕਾ ਦੇ ਹੋਰ ਪ੍ਰਕਸ਼ਨ:** ਫਾਰਮਿੰਗ ਮੈਟਰਜ਼ (ਅੰਗਰੇਜ਼ੀ)
ਲੀਸਾ ਰੀਵਿਸਟਾ ਡੇ ਐਗਰੋਈਕੋਲੋਜੀਆ (ਲਾਤੀਨੀ ਸੰਸਕਰਨ)
ਲੀਸਾ ਇੰਡੀਆ (ਅੰਗਰੇਜ਼ੀ, ਕੰਨੜਾ, ਤਾਮਿਲ, ਉੜੀਆ, ਮਰਾਠੀ, ਹਿੰਦੀ ਅਤੇ ਤੇਲਗੂ ਸੰਸਕਰਨ)
ਐਗਰੀਡੇਪ (ਪੱਛਮੀ ਅਫਰੀਕਾ, ਫਰੈਂਚ ਸੰਸਕਰਨ)
ਐਗਰੀਕਲਚਰਜ਼ ਐਕਸਪੀਰੀਐਂਸਿਆਸ ਏਮ ਐਗਰੋਈਕੋਲੋਜੀਆ ਬ੍ਰਾਜ਼ੀਲ ਬੇਆਬਾਬ (ਈਸਟ ਅਫਰੀਕਾ ਅੰਗਰੇਜ਼ੀ ਸੰਸਕਰਨ)
ਸੰਪਾਦਕ ਵੱਲੋਂ ਲੇਖਾਂ ਵਿੱਚ ਪ੍ਰਕਾਸ਼ਿਤ ਜਾਣਕਾਰੀ ਬਾਰੇ ਪੂਰੀ ਸਾਵਧਾਨੀ ਵਰਤੀ ਗਈ ਹੈ। ਫਿਰ ਵੀ ਸਾਂਝੀ ਕੀਤੀ ਗਈ ਜਾਣਕਾਰੀ ਵਿੱਚ ਕਿਸੇ ਵੀ ਕਮੀ ਦੀ ਜ਼ਿੰਮੇਵਾਰ ਸਬੰਧਤ ਲੇਖਕ ਦੀ ਹੋਵੇਗੀ।
**ਮਾਇਜ਼ੇਰੀਅਰ ਦੇ ਸਹਿਯੋਗ ਅਤੇ ਖੇਤੀ ਵਿਰਾਸਤ ਮਿਸ਼ਨ ਉੱਦਮ ਸਦਕਾ ਏ.ਐੱਮ.ਈ. ਦੁਆਰਾ ਪ੍ਰਕਾਸ਼ਿਤ**

## ਪਿਆਰੇ ਪਾਠਕੋ

ਏ. ਐੱਮ. ਈ. ਫਾਊਂਡੇਸ਼ਨ ਦੁਆਰਾ ਭਾਰਤ ਵਿੱਚ ਪ੍ਰਕਾਸ਼ਿਤ ਕੌਮਾਂਤਰੀ ਖੇਤੀ ਪੱਤ੍ਰਿਕਾ ਲੀਜ਼ਾ ਇੰਡੀਆਂ ਦੇ ਖੇਤੀ ਵਿਰਾਸਤ ਮਿਸ਼ਨ ਵੱਲੋਂ ਕੱਢੇ ਗਏ ਪੰਜਾਬੀ ਸੰਸਕਰਨ ਦਾ ਸੱਤਵਾਂ ਅੰਕ ਆਪਜੀ ਦੀ ਨਜ਼ਰ ਕਰਦਿਆਂ ਸਾਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ਪੱਤ੍ਰਿਕਾ ਨੂੰ ਆਪਜੀ ਤੋਂ ਮਿਲ ਰਹੇ ਭਰਭੂਰ ਹੁੰਗਾਰੇ ਅਤੇ ਪਿਆਰ ਸਦਕਾ ਲੀਜ਼ਾ ਪੰਜਾਬੀ ਰਾਹੀਂ ਆਪਜੀ ਨਾਲ ਉੱਚ ਮਿਆਰੀ ਅਤੇ ਅਰਥਪੂਰਨ ਜਾਣਕਾਰੀ ਸਾਂਝੀ ਕਰਨ ਦੀ ਸਾਡੀ ਪ੍ਰਤੀਬੱਧਤਾ ਹੋਰ ਮਜ਼ਬੂਤ ਹੋਈ ਹੈ।

ਸਾਡੀ ਹਮੇਸ਼ਾ ਇਹ ਹੀ ਕੋਸ਼ਿਸ਼ ਰਹੇਗੀ ਕਿ 'ਲੀਜ਼ਾ ਇੰਡੀਆ' ਦੁਆਰਾ ਖੇਤੀ -ਕਿਸਾਨੀ ਦੀ ਬਿਹਤਰੀ ਅਤੇ ਖੇਤੀ ਨੂੰ ਟਿਕਾਊ ਆਜੀਵਿਕਾ ਦਾ ਸਨਮਾਨਜਨਕ ਸਾਧਨ ਬਣਾਉਣ ਲਈ ਚੇਤਨ ਕਿਸਾਨਾਂ ਅਤੇ ਕਿਸਾਨ ਹਿਤੈਸ਼ੀ ਸੰਸਥਾਵਾਂ ਦੁਆਰਾ ਕੀਤੇ ਜਾ ਰਹੇ ਕਾਮਯਾਬ ਤਜ਼ਰਬਿਆਂ ਅਤੇ ਵਿਕਸਤ ਕੀਤੀਆਂ ਜਾ ਰਹੀਆਂ ਕਿਸਾਨ ਅਤੇ ਕੁਦਰਤ ਪੱਖੀ ਖੇਤੀ ਤਕਨੀਕਾਂ ਨੂੰ ਆਪਜੀ ਨਾਲ ਨਿਰੰਤਰ ਸਾਂਝਾ ਕੀਤਾ ਜਾਵੇ।

ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਗਿਆਨ, ਜਾਣਕਾਰੀ ਅਤੇ ਤਕਨੀਕਾਂ ਦਾ ਇਹ ਲਿਪੀਬੱਧ ਆਦਾਨ-ਪ੍ਰਦਾਨ ਹਰ ਪੱਖੋਂ ਸਟੀਕ ਅਤੇ ਭਰੋਸੇਮੰਦ ਹੋਵੇ। ਪੱਤ੍ਰਿਕਾ ਦੇ ਇਸ ਅੰਕ ਵਿੱਚ 'ਲੀਜ਼ਾ ਇੰਡੀਆ' ਦੇ ਮੂਲ ਅੰਗਰੇਜ਼ੀ ਸੰਸਕਰਨ 'ਚ ਮਾਰਚ 2016 ਤੋਂ ਜੂਨ 2016 ਦੌਰਾਨ ਪ੍ਰਕਾਸ਼ਿਤ ਕੁੱਝ ਚੋਣਵੇਂ ਪ੍ਰੇਰਣਾਦਾਈ ਲੇਖਾਂ ਦਾ ਪੰਜਾਬੀ ਉਲੱਥਾ ਤੁਹਾਡੀ ਨਜ਼ਰ ਕਰਨ ਜਾ ਰਹੇ ਹਾਂ। ਆਸ ਕਰਦੇ ਹਾਂ ਲੀਜ਼ਾ ਇੰਡੀਆ ਦਾ ਹਥਲਾ ਪੰਜਾਬੀ ਸੰਸਕਰਨ ਪਾਠਕਾਂ ਦੀਆਂ ਆਸਾਂ 'ਤੇ ਖਰ੍ਹਾ ਉੱਤਰੇਗਾ।

ਲੀਜ਼ਾ ਇੰਡੀਆ ਟੀਮ
ਜੂਨ-2017

*ਲੀਜ਼ਾ* ਘੱਟ ਬਾਹਰੀ ਆਗਤਾਂ ਅਤੇ ਟਿਕਾਊ ਖੇਤੀ ਦੀ ਸਿਰਮੌਰ ਪੱਤ੍ਰਿਕਾ ਹੈ। ਇਹ ਕੁਦਰਤ ਨਾਲ ਇੱਕਮਿੱਕਤਾ ਰਾਹੀਂ ਫਸਲਾਂ ਦਾ ਉਤਪਾਦਨ ਅਤੇ ਆਪਣੀ ਆਮਦਨ ਵਧਾਉਣ ਲਈ ਕਾਰਜਸ਼ੀਲ ਕਿਸਾਨਾਂ ਨੂੰ ਤਕਨੀਕੀ ਅਤੇ ਸਮੁਦਾਇਕ ਪਹਿਲਕਦਮੀਆਂ ਤੋਂ ਜਾਣੂ ਕਰਵਾਵਉਂਦੀ ਹੈ। ਲੀਜ਼ਾ ਕੁਦਰਤੀ ਸੋਮਿਆਂ ਅਤੇ ਕੁਦਰਤੀ ਪ੍ਰਕਿਰਿਆਵਾਂ ਦੇ ਸਰਵਉੱਤਮ ਇਸਤੇਮਾਲ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਹ ਉਹਨਾਂ ਇਸਤ੍ਰੀ, ਪੁਰਸ਼ ਕਿਸਾਨਾਂ ਅਤੇ ਸਮੁਦਾਇਆਂ ਦੇ ਸ਼ਸ਼ਕਤੀਕਰਨ ਲਈ ਕਾਰਜਸ਼ੀਲ ਹੈ ਜਿਹੜੇ ਕਿ ਆਪਣੇ ਗਿਆਨ, ਹੁਨਰ, ਆਪਣੀਆਂ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਅਦਾਰਿਆਂ ਦੇ ਆਧਾਰ 'ਤੇ ਆਪਣਾ ਭਵਿੱਖ ਬਣਾਉਣਾ ਚਾਹੁੰਦੇ ਹਨ। ਲੀਜ਼ਾ ਖੇਤੀ ਵਿੱਚ ਸੁਧਾਰ ਅਤੇ ਇਸਨੂੰ ਬਦਲਦੀਆਂ ਹਾਲਤਾਂ ਅਤੇ ਜ਼ਰੂਰਤਾਂ ਮੁਤਾਬਿਕ ਢਾਲਣ ਲਈ ਖੇਤੀ ਦੇ ਸਹਿਭਾਗੀ ਤਰੀਕੇ ਅਪਣਾ ਕੇ ਕਿਸਾਨਾਂ ਅਤੇ ਖੇਤੀ ਨਾਲ ਜੁੜੇ ਹੋਰਨਾ ਲੋਕਾਂ ਦੀ ਸਮਰਥਾ ਵਧਾਉਣ 'ਤੇ ਜ਼ੋਰ ਦਿੰਦੀ ਹੈ। ਲੀਜ਼ਾ ਰਵਾਇਤੀ ਗਿਆਨ ਅਤੇ ਵਿਗਿਆਨ ਨੂੰ ਆਪਸ ਵਿੱਚ ਜੋੜ ਕੇ ਨੀਤੀ ਨਿਰਮਾਣ ਕਾਰਜ ਨੂੰ ਪ੍ਰਭਾਵਿਤ ਕਰਦੇ ਹੋਏ ਅਗਲੇਰੇ ਵਿਕਾਸ ਲਈ ਅਨੁਕੂਲ ਵਾਤਾਵਰਣ ਤਿਆਰ ਕਰਨ ਦੀ ਇੱਛਾ ਰੱਖਦੀ ਹੈ। ਲੀਜ਼ਾ ਇੱਕ ਵਿਚਾਰ ਹੈ, ਇੱਕ ਪਹੁੰਚ ਹੈ ਇੱਕ ਰਾਜਨੀਤਕ ਸੁਨੇਹਾਂ ਹੈ।

**ਏ. ਐੱਮ. ਈ. ਫਾਊਂਡੇਸ਼ਨ** ਰਵਾਇਤੀ ਗਿਆਨ ਅਤੇ ਨਿਵੇਕਲੀਆਂ ਤਕਨੀਕਾਂ ਦੇ ਮਾਧਿਅਮ ਨਾਲ ਘੱਟ ਬਾਹਰੀ ਆਗਤ ਪ੍ਰਬੰਧਨ ਰਾਹੀਂ ਟਿਕਾਊ ਰੋਜ਼ਗਾਰ ਪੈਦਾ ਕਰਨ ਨੂੰ ਉਤਸ਼ਾਹਿਤ ਕਰਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਏ. ਐੱਮ. ਈ. ਫਾਊਂਡੇਸ਼ਨ ਦੱਖਣ ਦੇ ਅਰਧ ਖੁਸ਼ਕ ਖੇਤਰ ਵਿੱਚ ਛੋਟੇ ਅਤੇ ਸੀਮਾਂਤ ਕਿਸਾਨਾਂ ਨਾਲ ਮਿਲ ਕੇ ਖੇਤੀ ਦੇ ਬਦਲ ਤਿਆਰ ਕਰਨ, ਗਿਆਨ ਵਧਾਉਣ, ਸਿਖਲਾਈ, ਖੇਤੀ ਨੂੰ ਵਿਕਾਸ ਏਜੰਸੀਆਂ ਨਾਲ ਜੋੜਨ ਅਤੇ ਅਨੁਭਵ ਵੰਡਣ ਦਾ ਕੰਮ ਕਰ ਰਹੀ ਹੈ। ਏ. ਐੱਮ. ਈ. ਫਾਊਂਡੇਸ਼ਨ ਪਿੰਡਾਂ ਦੇ ਗੁੱਛਿਆਂ ਵਿੱਚ ਇੱਛਕ ਕਿਸਾਨ ਸਮੂਹਾਂ ਨਾਲ ਉਹਨਾਂ ਨੂੰ ਬਦਲਵੇਂ ਖੇਤੀ ਪੱਧਤੀ ਤਿਆਰ ਕਰਨ ਅਤੇ ਅਪਣਾਉਣ ਦੇ ਯੋਗ ਬਣਾਉਣ ਦਾ ਕਾਰਜ ਪੂਰੀ ਸ਼ਿੱਦਤ ਨਾਲ ਕਰ ਰਹੀ ਹੈ। ਇਹ ਸਥਾਨ ਸਬੰਧਤ ਕਿਸਾਨਾਂ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਨ ਵਾਲੇ ਅਦਾਰਿਆਂ ਲਈ ਉਹਨਾਂ ਦੀ ਦੇਖਣ-ਸਮਝਣ ਦੀ ਸਮਰਥਾ ਵਿੱਚ ਵਾਧਾ ਕਰਨ ਲਈ ਸਿੱਖਣ ਲਾਇਕ ਹਾਲਤਾਂ ਦੇ ਮੁਹੱਈਆ ਕਰਦੇ ਹਨ। ਇਸ ਵਿੱਚ ਗ਼ੈਰ ਸਰਕਾਰੀ ਸੰਗਠਨ ਅਤੇ ਗ਼ੈਰ ਸਰਕਾਰੀ ਸੰਗਠਨਾਂ ਦੇ ਨੈੱਟਵਰਕ ਵੀ ਸ਼ਾਮਿਲ ਹੈ। www.amefound.org

**ਖੇਤੀ ਵਿਰਾਸਤ ਮਿਸ਼ਨ** ਸਵੈਨਿਰਭਰ, ਸਵੈਮਾਣੀ, ਸਵਦੇਸ਼ੀ ਖੇਤੀ ਅਤੇ ਸਰਬਤ ਦੇ ਭਲੇ ਨੂੰ ਸਮਰਪਿਤ ਲੋਕ ਲਹਿਰ ਹੈ। ਆਪਣੇ ਜਨਮ ਵਰ੍ਹੇ ਮਾਰਚ, 2005 ਤੋਂ ਹੀਇਹ ਪੰਜਾਬ ਨੂੰ ਦਰਪੇਸ਼ ਖੇਤੀ ਸਿਹਤਾਂ ਅਤੇ ਵਾਤਾਵਰਣ ਦੇ ਅਤਿ ਗੰਭੀਰ ਸੰਕਟ ਖਿਲਾਫ਼ ਆਮ ਲੋਕਾਂ ਨੂੰ ਚੇਤਨ ਕਰਦੇ ਹੋਏ ਇਸ ਸੰਕਟ ਦੇ ਮੂਲ ਕਾਰਣ ਜ਼ਹਿਰੀਲੀ ਰਸਾਇਣਿਕ ਖੇਤੀ ਦੇ ਬਦਲ ਵਜੋਂ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸਥਾਪਨਾ ਲਈ ਯਤਨਸ਼ੀਲ ਹੈ। ਵਰਤਮਾਨ ਸਮੇਂ ਸੂਬੇ ਭਰ ਵਿੱਚ ਸੈਂਕੜੇ ਕਿਸਾਨ ਖੇਤੀ ਵਿਰਾਸਤ ਮਿਸ਼ਨ ਦੀ ਰਹਿਨੁਮਾਈ ਵਿੱਚ ਪੂਰੀ ਸਫਲਤਾ ਨਾਲ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸੁਨਹਿਰੀ ਇਬਾਰਤ ਲਿਖ ਰਹੇ ਹਨ। (www.khetivirasatmission.org)

**ਮਾਇਜ਼ੇਰੀਅਰ** ਦੀ ਸਥਾਪਨਾਂ 1958 ਵਿੱਚ ਹੋਈ। ਇਹ ਜਰਮਨ ਕੈਥੋਲਿਕ ਬਿਸ਼ਪ ਦੀ ਵਿਕਾਸਤਮਕ ਸਹਿਯੋਗ ਨਾਮਕ ਸੰਸਥਾ ਹੈ। ਬੀਤੇ 50 ਤੋਂ ਵੀ ਜਿਆਦਾ ਸਾਲਾਂ ਤੋਂ ਮਾਇਜ਼ੇਰੀਅਰ ਅਫਰੀਕਾ, ਏਸ਼ੀਆ ਅਤੇ ਲੈਟਿਨ ਅਮਰੀਕਾ ਵਿੱਚ ਗਰੀਬੀ ਖਿਲਾਫ਼ ਲੜਨ ਲਈ ਵਚਨਬੱਧ ਹੈ। ਜਾਤੀ, ਧਰਮ ਅਤੇ ਲਿੰਗ ਭੇਦ ਤੋਂ ਉਪਰਾਮ ਮਾਇਜ਼ੇਰੀਅਰ ਕਿਸੇ ਵੀ ਮਨੁੱਖੀ ਜ਼ਰੂਰਤ ਦੀ ਪੂਰਤੀ ਹਿੱਤ ਸਹਿਯੋਗ ਲਈ ਤਤਪਰ ਹੈ। ਮਾਇਜ਼ੇਰੀਅਰ ਗਰੀਬਾਂ ਅਤੇ ਜ਼ਰੂਰਤਮੰਦਾ ਦੁਆਰਾ ਸ਼ੁਰੂ ਕੀਤੇ ਅਤੇ ਅਪਣਾਏ ਗਏ ਕਾਰਜਾਂ ਨੂੰ ਸਹਿਯੋਗ ਕਰਨ ਵਿੱਚ ਵਿਸ਼ਵਾਸ ਰਖਦਾ ਹੈ। ਇਹ ਆਪਣੇ ਸਥਾਨਕ ਭਾਗੀਦਾਰਾਂ ਨਾਲ ਮਿਲ ਕੇ ਕੰਮ ਕਰਨ ਨੂੰ ਪਹਿਲ ਦਿੰਦਾ ਹੈ। ਇਹ ਲਾਭਪਾਤਰੀਆਂ ਅਤੇ ਸਹਿਯੋਗੀ ਸੰਗਠਨਾਂ ਨੂੰ ਨਾਲ ਲੈ ਕੇ ਵਿਕਾਸ ਦੇ ਸਥਾਨਕ ਕਾਰਜਾਂ ਦੀ ਰੂਪਰੇਖਾ ਤੈਅ ਕਰਦਾ ਹੈ ਅਤੇ ਸਬੰਧਤ ਪ੍ਰੋਜੈਕਟ ਲਾਗੂ ਕਰਨ ਵਿੱਚ ਸਹਿਯੋਗ ਕਰਦਾ ਹੈ। ਇਹ ਹੀ ਕਾਰਨ ਹੈ ਕਿ ਮਾਇਜ਼ੇਰੀਅਰ ਆਪਣੇ ਸਹਿਭਾਗੀਆਂ ਨਾਲ ਮਿਲ ਕੇ ਨਿਰੰਤਰ ਬਦਲਦੀਆਂ ਚੁਣੌਤੀਆਂ ਪ੍ਰਤਿ ਤਿਆਰ-ਬਰ-ਤਿਆਰ ਖੜ੍ਹਾ ਹੈ। (www.misereor.de;misereor.org)

# ਇਸ ਅੰਕ ਵਿੱਚ




### ਗੈਰ-ਕਾਸ਼ਤ ਭੋਜਨ- *ਲੁਕਿਆ ਹੋਇਆ ਖਜ਼ਾਨਾ*



ਝਾਰਖੰਡ ਦੀ ਪਹਾੜੀਆ ਜਨਜਾਤੀ ਦੀ ਖੁਰਾਕ ਵਿਚੋਂ ਜੰਗਲ ਤੋਂ ਮਿਲਣ ਵਾਲੇ ਜੰਗਲੀ ਭੋਜਨ ਦੀ ਹਿੱਸੇਦਾਰੀ ਹੌਲੀ-ਹੌਲੀ ਘਟ ਰਹੀ ਹੈ। ਜੰਗਲੀ ਭੋਜਨ ਦੀ ਸੰਭਾਲ, ਬਚਾਅ ਅਤੇ ਪ੍ਰੋਸੈਸਿੰਗ ਜਿਹੇ ਕਦਮਾਂ ਨੇ ਉਹਨਾਂ ਦੀ ਸਥਿਤੀ ਮੁੜ ਬਹਾਲ ਕਰਨ ਅਤੇ ਸਮੁਦਾਇਆਂ ਦੀ ਖੁਰਾਕ ਦੀ ਵਿਭਿੰਨਤਾ ਨੂੰ ਵਧਾਉਣ ਵਿਚ ਮਦਦ ਕੀਤੀ ਹੈ, ਅਤੇ ਇਸਦੇ ਨਾਲ ਹੀ ਭੁੱਖ ਅਤੇ ਕੁਪੋਸ਼ਣ ਜਿਹੇ ਮਸਲਿਆਂ ਨੂੰ ਵੀ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਪੇਜ ਨੰ: 5

### ਗੈਰ-ਕਾਸ਼ਤ ਕੀਤੇ ਖਾਣੇ ਦੀ ਕਦਰ ਕਰਦਿਆਂ



ਜਲਵਾਯੂ ਸੰਕਟ ਦੇ ਯੁਗ ਵਿਚ ਜੰਗਲਾਂ ਦੇ ਵਪਾਰੀਕਰਨ ਨੇ ਉਹਨਾਂ ਨੂੰ ਸਿਰਫ ਕਾਰਬਨ ਸਟਾਕੋ ਤੱਕ ਸੀਮਤ ਕਰ ਦਿੱਤਾ ਹੈ। ਜੰਗਲ ਭੋਜਨ ਭੰਡਾਰ ਵੀ ਹਨ ਅਤੇ ਬਹੁਤ ਸਾਰੇ ਪੇਂਡੂ ਗਰੀਬ ਲੋਕਾਂ ਆਪਣੀਆਂ ਖਾਣੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਜੰਗਲਾਂ ਤੇ ਨਿਰਭਰ ਕਰਦੇ ਹਨ। ਸਹੀ ਸਹਿਯੋਗ ਮਿਲਣ ਤੇ ਗੈਰ-ਕਾਸ਼ਤ ਖਾਧ ਪਦਾਰਥ ਖਾਧ ਅਸੁਰੱਖਿਆ ਦੇ ਮਾਮਲੇ ਨੂੰ ਹੱਲ ਕਰਨ ਵਿਚ ਮਦਦ ਕਰ ਸਕਦੇ ਹਨ, ਖਾਸ ਕਰਕੇ ਇਸ ਜਲਵਾਯੂ ਸੰਕਟ ਦੇ ਯੁਗ ਵਿਚ।

ਪੇਜ ਨੰ: 8

### ਭਾਗੀਦਾਰੀ ਨਾਲ ਗਿਆਨ ਨਿਰਮਾਣ



ਟਿਕਾਊ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਸਥਾਨਕ ਪੱਧਰ ਤੇ ਪ੍ਰਸੰਗਿਕ ਗਿਆਨ ਨੂੰ ਮੁੱਖਧਾਰਾ ਵਿਚ ਲਿਆਉਣ ਦੇ ਇਕ ਨਵੀਨਤਮ ਯਤਨ ਵਿਚ, ਡੀਡੀਐਸ ਜਮੀਨੀ ਪੱਧਰ ਦੇ ਪੇਸ਼ੇਵਰਾਂ ਦੀ ਸਮਰੱਥਾ ਦਾ ਨਿਰਮਾਣ ਕਰ ਰਿਹਾ ਹੈ। ਇਸ ਪ੍ਰਕ੍ਰਿਆ ਵਿਚ ਇਕ ਨਵਾਂ ਗਿਆਨ ਪੈਦਾ ਕੀਤਾ ਜਾਂਦਾ ਹੈ ਅਤੇ ਉਸਦਾ ਦੂਸਰਿਆਂ ਨਾਲ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਨਾਲ ਹੀ ਸਥਾਨਕ ਪ੍ਰਥਾਵਾਂ ਦਾ ਵਿਗਿਆਨਕ ਆਧਾਰ ਖੋਜਿਆ ਅਤੇ ਸਾਂਝਾ ਕੀਤਾ ਜਾਂਦਾ ਹੈ।

ਪੇਜ ਨੰ: 11

### ਫਾਰਮਰ ਫੀਲਡ ਸਕੂਲ ਖੇਤ ਉਪਰ ਗਿਆਨ ਦਾ ਨਿਰਮਾਣ



ਫਾਰਮਰ ਫੀਲਡ ਸਕੂਲ ਕਿਸਾਨਾਂ ਅਤੇ ਰਿਸੋਰਸ ਪਰਸਨਜ਼ ਵਿਚਕਾਰ ਦੁਤਰਫੀ ਸਿਖਲਾਈ ਲਈ ਇਕ ਮੰਚ ਦੇ ਰੂਪ ਵਿਚ ਕੰਮ ਕਰਦੇ ਹਨ। ਗੱਲਬਾਤ, ਵਿਚਾਰ-ਵਟਾਂਦਰੇ ਅਤੇ ਟ੍ਰੇਨਿੰਗ ਪ੍ਰੰਪਰਿਕ ਗਿਆਨ ਨੂੰ ਬਹਾਲ ਕਰਨ ਅਤੇ ਬਣਾਏ ਰੱਖਣ ਦਾ ਮੌਕਾ ਪ੍ਰਦਾਨ ਕਰਦੇ ਹਨ ਜਦੋਂਕਿ ਆਧੁਨਿਕ ਵਿਗਿਆਨ ਦੁਆਰਾ ਇਸ ਵਿਚ ਸੁਧਾਰ ਕੀਤਾ ਜਾਂਦਾ ਹੈ।

ਪੇਜ ਨੰ: 13

### ਦਾਲ ਪੰਚਾਇਤ- *ਦਾਲ ਉਤਪਾਦਨ ਵਿਚ ਆਤਮ ਨਿਰਭਰਤਾ ਪ੍ਰਾਪਤ ਕਰਨਾ*



ਦਾਲ ਪੰਚਾਇਤ ਟਿਕਾਊ ਉਤਪਾਦਨ, ਵੈਲਿਊ ਐਡੀਸ਼ਨ ਅਤੇ ਮਾਰਕੀਟਿੰਗ ਪ੍ਰਣਾਲੀ ਸਥਾਪਤ ਕਰਨ ਲਈ ਇਕ ਏਕੀਕ੍ਰਿਤ ਦ੍ਰਿਸ਼ਟੀਕੋਣ ਹੈ। ਤਾਮਿਲਨਾਡੂ ਦੀ ਫਾਰਮਰ ਪ੍ਰੋਡਿਊਸਰ ਕੰਪਨੀ ਦੁਆਰਾ ਲਾਗੂ ਇਹ ਕਦਮ ਦਾਲ ਉਤਪਾਦਨ ਵਿਚ ਆਤਮਨਿਰਭਰਤਾ ਪ੍ਰਾਪਤ ਕਰਨ ਵਲ ਵਧ ਰਿਹਾ ਹੈ।

ਪੇਜ ਨੰ: 17

ਸੰਪਾਦਕੀ

# ਪੋਸ਼ਣ ਦੀ ਇਬਾਰਤ ਲਿਖਦੀ ਵੰਨ - ਸੁਵੰਨੀ ਖੇਤੀ

ਦੁਨੀਆਂ ਭਰ ਵਿੱਚ ਖੇਤੀ ਉਤਪਾਦਨ ਨੂੰ ਨਿਰੰਤਰ ਵਧਦੀ ਆਬਾਦੀ ਦੀ ਖ਼ੁਰਾਕੀ ਲੋੜਾਂ ਪੂਰੀਆਂ ਕਰਨ ਦੇ ਨਾਲ ਜੋੜ ਕੇ ਵਿਉਂਤਿਆ ਜਾ ਰਿਹਾ ਹੈ। ਵਰਤਮਾਨ ਆਰਥਿਕ ਪ੍ਰਣਾਲੀਆਂ ਵੱਲੋਂ ਰਾਜਨੀਤਕ ਪ੍ਰਣਾਲੀਆਂ ਦੇ ਮਾਧਿਅਮ ਨਾਲ ਖੇਤੀ ਉਤਪਾਦਨ ਵਧਾਉਣ ਦੇ ਨਾਮ 'ਤੇ ਜੈਨੇਟੀਕਲ ਇੰਜ਼ਨੀਅਰਿੰਗ ਵਰਗੀਆਂ ਅਣ-ਲੋੜੀਂਦੀਆਂ, ਅਢੁਕਵੀਆਂ ਅਤੇ ਅਵਿਸ਼ਵਾਸ਼ਯੋਗ ਤਕਨੀਕਾਂ ਨੂੰ ਲਾਗੂ ਕਰਨ ਦੇ ਪੁਰਜ਼ੋਰ ਯਤਨ ਕੀਤੇ ਜਾ ਰਹੇ ਹਨ। ਉਹ ਵੀ ਬੀਤੇ ਤੋਂ, ਬਿਨਾਂ ਕੋਈ ਸਬਕ ਲਿਆਂ!

ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਰਸਾਇਣਿਕ ਖੇਤੀ ਵਾਲੀ ਹਰੀ ਕ੍ਰਾਂਤੀ ਦੇ ਚਲਦਿਆਂ ਦੇਸ ਕਣਕ-ਚਾਵਲ ਪੱਖੋਂ ਬੇਸ਼ੱਕ ਵਾਧੂ ਅਨਾਜ ਪੈਦਾ ਕਰਨ 'ਚ ਕਾਮਯਾਬ ਰਿਹਾ ਹੈ ਪਰੰਤੂ ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਵੰਨ-ਸੁਵੰਨੇ ਤੇ ਬੇਹੱਦ ਪੌਸ਼ਟਿਕ ਦਲਹਨ, ਤਿਲਹਨ ਅਤੇ ਕੁਦਰਤ ਵਿੱਚ ਸਵੈ-ਜਨਤ ਖ਼ੁਰਾਕੀ ਵਸਤਾਂ ਹਰੀ ਕ੍ਰਾਂਤੀ ਦੀ ਭੇਂਟ ਚੜ੍ਹ ਗਈਆਂ। ਇਸ ਵਰਤਾਰੇ ਦਾ ਨਤੀਜਾ ਇਹ ਨਿਕਲਿਆ ਕਿ ਹਰੀ ਕ੍ਰਾਂਤੀ ਸਦਕਾ ਲੋਕਾਂ ਦਾ ਪੇਟ ਤਾਂ ਭਰ ਗਿਆ ਪਰ ਪੋਸ਼ਣ ਨਹੀਂ ਹੋਇਆ ਸਗੋਂ ਰਸਾਇਣਿਕ ਵਿਧੀਆਂ ਨਾਲ ਕੀਤੀ ਗਈ ਅੰਨ ਦੀ ਪੈਦਾਵਾਰ ਮਨੁੱਖਤਾ ਸਮੇਤ ਸਮੂਹ ਜੀਵਾਂ ਲਈ ਸਿਹਤ ਪੱਖੋਂ ਬਹੁਤ ਹੀ ਘਾਤਕ ਸਿੱਧ ਹੋਈ। ਪੋਸ਼ਣ ਰਹਿਤ ਜ਼ਹਿਰੀਲੇ ਅੰਨ ਨੇ ਮਨੁੱਖਤਾ ਸਮੇਤ ਸਮੂਹ ਜੀਵ ਜਗਤ ਨੂੰ ਮਾਨਸਿਕ ਅਤੇ ਸਰੀਰਕ ਦੋਹਾਂ ਪੱਖਾਂ ਤੋਂ ਰੋਗੀ ਬਣਾ ਦਿੱਤਾ।

ਲੀਸਾ ਇੰਡੀਆ ਪੰਜਾਬੀ ਇਸ ਅੰਕ ਵਿੱਚ ਅਸੀਂ ਮੁੱਖ ਤੌਰ 'ਤੇ ਉਪਰੋਕਤ ਦੋਹਾਂ ਮੁੱਦਿਆਂ ਨੂੰ ਤਵੱਜੋ ਦਿੰਦੇ ਲੇਖ ਪਾਠਕਾਂ ਨਾਲ ਸਾਂਝੇ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ। ਇਸਦੇ ਨਾਲ ਹੀ ਸਹਿਭਾਗੀ ਗਿਆਨ ਨਿਰਮਾਣ ਅਤੇ ਫਾਰਮ ਫੀਲਡ ਸਕੂਲਾਂ ਦਾ ਮਹੱਤਵ ਦਰਸਾਉਂਦੇ ਲੇਖ ਵੀ ਇਸ ਅੰਕ ਵਿੱਚ ਸ਼ਾਮਿਲ ਕੀਤੇ ਹਨ।

ਅੰਸ਼ੁਮਾਨ ਦਾਸ ਦਾ ਲਿਖਿਆ ਹੋਇਆ ਪੱਤ੍ਰਿਕਾ ਦਾ ਪਹਿਲਾ ਲੇਖ 'ਗ਼ੈਰ ਕਾਸ਼ਤ ਭੋਜਨ ਲੁਕਿਆ ਹੋਇਆ ਖਜ਼ਾਨਾ' ਖ਼ੁਰਾਕ ਵਿੱਚ ਸਵੈ-ਜਨਤ ਭੋਜਨ ਦੇ ਮਹੱਤਵ ਨੂੰ ਦਰਸਾਉਂਦਾ ਹੈ। ਦੇਬਜੀਤ ਸਾਰੰਗੀ ਲਿਖਤ ਪੱਤ੍ਰਿਕਾ ਦਾ ਦੂਜਾ ਲੇਖ 'ਗ਼ੈਰ ਕਾਸ਼ਤ ਭੋਜਨ ਦੀ ਕਦਰ ਕਰਦਿਆਂ' ਯਲਵਾਯੂ ਪਰਿਵਰਤਨ ਦੇ ਅਜੋਕੇ ਦੌਰ ਵਿੱਚ ਕੁਦਰਤ ਅੰਦਰ ਸਵੈ-ਜਨਤ ਭੋਜਨ ਦੀ ਸਾਰਥਕਤਾ 'ਤੇ ਰੌਸ਼ਨੀ ਪਾਉਂਦਾ ਹੈ। ਵਰਾ ਪ੍ਰਸ਼ਾਦ ਚਿਤਮ ਦੁਆਰਾ ਲਿਖਿਆ ਗਿਆ ਪੱਤ੍ਰਿਕਾ ਦਾ ਤੀਜਾ ਲੇਖ 'ਭਾਗੀਦਾਰੀ ਨਾਲ ਗਿਆਨ ਦਾ ਨਿਰਮਾਣ' ਗਿਆਨ ਸਬੰਧੀ ਸਹਿਭਾਗੀ ਪਹੁੰਚ ਦੇ ਮਹੱਤਵ ਤੋਂ ਜਾਣੂ ਕਰਵਾਉਂਦਾ ਹੋਇਆ ਇਸਦੀ ਤਾਕਤ 'ਤੇ ਚਾਨਣਾ ਪਾਉਂਦਾ ਹੈ। ਅਭਿਜੀਤ ਮੋਹੰਤੀ ਅਤੇ ਰਣਜੀਤ ਸਾਹੂ ਦੀ ਰਚਨਾ ਪੱਤ੍ਰਿਕਾ ਦਾ ਚੌਥਾ ਲੇਖ 'ਫਾਰਮਰ ਫੀਲਡ ਸਕੂਲ ਖੇਤ ਉੱਪਰ ਗਿਆਨ ਦਾ ਨਿਰਮਾਣ' ਖੇਤੀਬਾੜੀ ਸਬੰਧੀ ਗਿਆਨ ਅਰਜ਼ਨ ਅਤੇ ਨਿਰਮਾਣ ਵਿੱਚ ਫਾਰਮਰ ਫੀਲਡ ਸਕੂਲਾਂ ਦੇ ਮਹੱਤਵ ਬਾਰੇ ਭਰਪੂਰ ਜਾਣਕਾਰੀ ਮੁਹੱਈਆ ਕਰਦਾ ਹੈ। ਆਰ. ਐੱਸ. ਸ਼ਾਤਾਂਕੁਮਾਰ ਹੋਪਰ ਅਤੇ ਕੇ. ਤਾਚੀਨਾਮੂਰਤੀ ਲਿਖਤ ਪੱਤ੍ਰਿਕਾ ਦਾ ਪੰਜਵਾ ਅਤੇ ਅੰਤਿਮ ਲੇਖ 'ਦਾਲ ਪੰਚਾਇਤ-ਦਾਲ ਉਤਪਾਦਨ ਵਿੱਚ ਆਤਮ ਨਿਰਭਰਤਾ ਪ੍ਰਾਪਤ ਕਰਨਾ' ਤਾਮਿਲਨਾਡੂ ਵਿਖੇ ਦਾਲ ਉਤਪਾਦਨ, ਵੈਲਿਊ ਐਡੀਸ਼ਨ ਅਤੇ ਮਾਰਕੀਟਿੰਗ ਪ੍ਰਣਾਲੀ ਸਥਾਪਿਤ ਕਰਨ ਦੇ ਸਫਲ ਉਪਰਾਲੇ ਤੋਂ ਪਾਠਕਾਂ ਨੂੰ ਜਾਣੂ ਕਰਵਾਉਂਦਾ ਹੈ।

ਆਸ ਕਰਦੇ ਹਾਂ ਕਿ ਲੀਸਾ ਇੰਡੀਆ ਪੰਜਾਬੀ ਦੇ ਹਥਲਾ ਅੰਕ ਤੁਹਾਡੀਆਂ ਉਮੀਦਾਂ 'ਤੇ ਖਰਾ ਉੱਤਰੇਗਾ।

ਧੰਨਵਾਦ

# ਗੈਰ-ਕਾਸ਼ਤ ਭੋਜਨ

## ਲੁਕਿਆ ਹੋਇਆ ਖਜ਼ਾਨਾ

**ਅੰਸ਼ੁਮਨ ਦਾਸ**

ਝਾਰਖੰਡ ਦੀ ਪਹਾੜੀਆ ਜਨਜਾਤੀ ਦੀ ਖ਼ੁਰਾਕ ਵਿਚੋਂ ਜੰਗਲ ਤੋਂ ਮਿਲਣ ਵਾਲੇ ਜੰਗਲੀ ਭੋਜਨ ਦੀ ਹਿੱਸੇਦਾਰੀ ਹੌਲੀ-ਹੌਲੀ ਘਟ ਰਹੀ ਹੈ। ਜੰਗਲੀ ਭੋਜਨ ਦੀ ਸੰਭਾਲ, ਬਚਾਅ ਅਤੇ ਪ੍ਰੋਸੈਸਿੰਗ ਜਿਹੇ ਕਦਮਾਂ ਨੇ ਉਹਨਾਂ ਦੀ ਸਥਿਤੀ ਮੁੜ ਬਹਾਲ ਕਰਨ ਅਤੇ ਸਮੁਦਾਇਆਂ ਦੀ ਖ਼ੁਰਾਕ ਦੀ ਵਿਭਿੰਨਤਾ ਨੂੰ ਵਧਾਉਣ ਵਿਚ ਮਦਦ ਕੀਤੀ ਹੈ, ਅਤੇ ਇਸਦੇ ਨਾਲ ਹੀ ਭੁੱਖ ਅਤੇ ਕੁਪੋਸ਼ਣ ਜਿਹੇ ਮਸਲਿਆਂ ਨੂੰ ਵੀ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਇਹ ਜਨਵਰੀ ਮਹੀਨੇ ਦੀ ਇਕ ਸਵੇਰ ਸੀ। ਧੁੰਦਲੀਆਂ ਪਹਾੜੀਆਂ ਸੂਰਜ ਦੇ ਬਦਲਦੇ ਹੋਏ ਮੂਡ ਨਾਲ ਉਭਰ ਰਹੀਆਂ ਸਨ। ਮੈਂ ਤਲਹਟੀ ਦੇ ਇਕ ਸੰਥਾਲ ਪਿੰਡ ਨੂੰ ਪਾਰ ਕਰਕੇ ਝਾਰਖੰਡ ਦੇ ਪਕੁਰ ਜਿਲ੍ਹੇ ਦੇ ਲਿਤੀਪਰਾ ਬਲਾਕ ਵਿਚ ਪਾਹੜੀ ਦੀ ਚੋਟੀ ਤੇ ਇਕ ਪਹਾੜੀਆ ਪਿੰਡ ਕੁਤਲੋ ਪਹਾੜ ਵੱਲ ਚੱਲ ਪਿਆ। ਪਹਾੜੀਆ ਇਥੋਂ ਦਾ ਪ੍ਰਮੁੱਖ ਕਬਾਇਲੀ ਸਮੁਦਾਇ ਹੈ। ਪਹਾੜੀਏ, ਜਿਵੇਂ ਕਿ ਨਾਮ ਤੋਂ ਪਤਾ ਲੱਗਦਾ ਹੈ, ਰਾਜਮਹਲ ਪਹਾੜੀਆਂ ਦੇ ਪਹਾੜੀ ਇਲਾਕਿਆਂ ਵਿਚ ਵਸੀ ਹੋਈ ਪਹਾੜੀ ਜਨਜਾਤੀ ਹੈ। ਪਹਾੜੀਏ ਝੂਮ ਖੇਤੀ ਅਤੇ ਪ੍ਰੰਪਰਿਕ ਜੰਗਲ ਆਧਾਰਿਤ ਅਰਥਵਿਵਸਥਾ ਉਪਰ ਨਿਰਭਰ ਰਹਿੰਦੇ ਹਨ।

ਇਕ ਘੰਟਾ ਚਲਣ ਤੋਂ ਬਾਅਦ ਮੈਂ ਪਿੰਡ ਪਹੁੰਚਿਆ। ਪਿੰਡ ਵਾਸੀਆਂ ਨੇ ਉਥੇ ਚਲਣ ਵਾਲੀਆਂ ਮੌਜੂਦਾ ਪ੍ਰਥਾਵਾਂ ਬਾਰੇ ਦੱਸਿਆ। ਪਹਾੜੀਏ ਪਹਾੜੀ ਉਪਰ ਸਫਾਈ ਕਰਕੇ ਅਤੇ ਅਕਸਰ ਝਾੜੀਆਂ ਨੂੰ ਜਲਾਉਣ ਤੋਂ ਬਾਅਦ ਲੋਬੀਆ ਦੀ ਖੇਤੀ ਕੀਤੀ ਜਾਂਦੀ ਹੈ। ਉਹ ਅਰਹਰ ਅਤੇ ਮੱਕੀ ਦੀ ਮਿਸ਼੍ਰਿਤ ਖੇਤੀ ਵੀ ਕਰਦੇ ਹਨ। ਪਹਾੜੀਏ, ਸ਼ਾਹੂਕਾਰ, ਸਥਾਨਕ ਧਨ ਉਧਾਰ ਦੇਣ ਵਾਲਿਆਂ ਉਪਰ ਬੀਜਾਂ ਅਤੇ ਬਾਜ਼ਾਰ ਲਈ ਨਿਰਭਰ ਹਨ। ਸ਼ਾਹੂਕਾਰ ਚੌਲ, ਆਲੂ, ਪਿਆਜ, ਮਿਰਚ ਜਿਹੀਆਂ ਜਰੂਰੀ ਚੀਜ਼ਾ ਵੇਚਦੇ ਜਾਂ ਵਟਾਂਦਰਾ ਵੀ ਕਰਦੇ ਹਨ। ਹਾਲਾਂਕਿ ਸ਼ਾਹੂਕਾਰਾਂ ਨੂੰ ਖਤਰਾ ਨਹੀ ਮੰਨਿਆ ਜਾਂਦਾ ਕਿਉਂਕਿ ਸ਼ਾਇਦ ਸਿਰਫ ਸ਼ਾਹੂਕਾਰ ਹੀ ਬਾਹਰੀ ਦੁਨੀਆ ਨਾਲ ਇਕਮਾਤਰ ਲਿੰਕ ਹੈ।

ਲੋਕਾਂ ਨੇ ਇਹ ਵੀ ਦੱਸਿਆ ਕਿ ਕਿਸ ਤਰ੍ਹਾਂ ਉਹਨਾਂ ਨੇ ਜੰਗਲ ਅਤੇ ਜੰਗਲ ਆਧਾਰਿਤ ਭੋਜਨ ਅਤੇ ਪ੍ਰੰਪਰਾਵਾਂ ਗਵਾ ਦਿੱਤੀਆਂ ਹਨ-ਜ਼ਿਆਦਾਤਰ ਵਧਦੀ ਆਬਾਦੀ ਦੇ ਕਾਰਨ ਜੰਗਲ ਉਪਰ ਵਧਦੇ ਦਬਾਅ ਦੇ ਕਾਰਨ।

### ਖ਼ੁਰਾਕ ਵਿਚ ਪਾੜਾ (ਅੰਤਰਾਲ)

ਪਹਾੜੀਆ ਜਨਜਾਤੀ ਦੇ 10 ਪਿੰਡਾਂ ਵਿਚ 2012 ਵਿਚ ਵੈਲਥਗੈਰਹਿਲਫ ਦੇ ਫਾਈਟ ਹੰਗਰ, ਫਰਸਟ ਇਨੀਸ਼ੀਏਟਿਵ ਦੇ ਬੇਸਲਾਈਨ ਸਰਵੇ ਦੇ ਇਕ ਹਿੱਸੇ ਦੇ ਰੂਪ ਵਿਚ ਇਕ ਪੋਸ਼ਣ ਸਰਵੇਖਣ ਕੀਤਾ ਗਿਆ ਸੀ। ਸਰਵੇ ਵਿਚ ਇਹ ਸਾਹਮਣੇ ਆਇਆ ਕਿ 33 ਪ੍ਰਤੀਸ਼ਤ ਬੱਚੇ ਗੰਭੀਰ ਰੂਪ ਵਿਚ ਅਤੇ 40 ਪ੍ਰਤੀਸ਼ਤ ਦਰਮਿਆਨੇ ਤੌਰ ਤੇ ਘੱਟ ਭਾਰ ਦੇ ਸਨ। 56 ਪ੍ਰਤੀਸ਼ਤ ਬੱਚਿਆਂ ਦਾ ਵਿਕਾਸ ਠੀਕ ਤਰ੍ਹਾ ਨਹੀ ਹੋਇਆ ਸੀ। ਭੋਜਨ ਦੀ ਕਮੀ ਦੇ ਦੌਰਾਨ ਔਸਤ ਕੈਲੋਰੀ ਖਪਤ 1500 ਕਿਲੋਗ੍ਰਾਮ ਤੱਕ ਡਿੱਗ ਜਾਂਦੀ ਹੈ। ਇਸਦੇ ਉਲਟ, ਨੀਮਗਿਰੀ ਪਹਾੜੀਆਂ ਵਿਚ ਡੋਂਗਰੀਆ ਕੌਂਧ ਸਮੁਦਾਇ ਨਾਲ ਕੀਤੇ ਅਧਿਐਨ ਵਿਚ ਸਾਹਮਣੇ ਆਇਆ ਕਿ ਜੰਗਲ ਪੂਰਾ ਸਾਲ ਪੌਸ਼ਟਿਕ ਭੋਜਨ ਦੇ ਸ੍ਰੋਤ ਪ੍ਰਦਾਨ ਕਰਦੇ ਹਨ ਅਤੇ ਗਰਮੀ, ਬਰਸਾਤ ਅਤੇ ਸਰਦੀ ਦੇ ਮੌਸਮ ਵਿਚ ਸਮੁਦਾਇ ਦੇ ਭੋਜਨ ਵਿਚ ਕ੍ਰਮਵਾਰ 37%, 30% ਅਤੇ 45% ਦੇ ਲਗਭਗ ਯੋਗਦਾਨ ਪਾਉਂਦਾ ਹੈ।



ਜੰਗਲ ਤੋਂ ਇੱਕਠੇ ਕੀਤੇ ਫਲ

ਇਹ ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ ਕਈ ਕਾਰਨਾਂ ਕਰਕੇ ਆਦੀਵਾਸੀਆਂ ਦੀ ਖ਼ੁਰਾਕ ਵਿਚ ਜੰਗਲ ਤੋਂ ਮਿਲਣ ਵਾਲੇ ਖਾਣੇ ਦੀ ਹਿੱਸੇਦਾਰੀ ਘਟ ਰਹੀ ਹੈ। ਮਿਸਾਲ ਵਜੋਂ, ਹਾਲ ਹੀ ਦੇ ਸਾਲਾਂ ਵਿਚ, ਸਰਕਾਰ ਨੇ ਭੁੱਖਮਰੀ ਨਾਲ ਨਜਿੱਠਣ ਲਈ ਕਬਾਇਲੀਅਤੇ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ (ਬੀ ਪੀ ਐਲ) ਲਈ ਸਬਸਿਡੀ ਵਾਲੇ ਚਾਵਲ ਪੇਸ਼ ਕੀਤੇ ਹਨ। ਇਸ ਨੇ ਉਹਨਾਂ ਦੀਆਂ ਖਾਣੇ ਦੀਆਂ ਆਦਤਾਂ ਵਿਚ ਮਹੱਤਵਪੂਰਨ ਤਬਦੀਲੀ ਲਿਆਉਣੀ ਸ਼ੁਰੂ ਕਰ ਦਿੱਤੀ – ਆਪਣੀ ਖ਼ੁਰਾਕ ਦੀ ਵਿਭਿੰਨਤਾ ਨੂੰ ਘਟਾਉਣਾ ਅਤੇ ਚਾਵਲ ਆਧਾਰਿਤ ਸਾਧਾਰਣ ਖਾਣੇ ਨੂੰ ਅਪਣਾਉਣਾ। ਪੌਸ਼ਟਿਕਤਾ ਬਾਰੇ ਬਹੁਤ ਘੱਟ ਜਾਗਰੂਕਤਾ ਨਾਲ, ਆਦੀਵਾਸੀ ਹੁਣ ਨਮਕ, ਤੇਲ ਅਤੇ ਹੋਰ ਘਰੇਲੂ ਪਦਾਰਥਾਂ ਬਦਲੇ ਪੌਸ਼ਟਿਕਤਾ ਭਰਪੂਰ ਜੰਗਲੀ ਉਤਪਾਦਾਂ ਜਿਵੇਂ ਫਲ, ਜੜ੍ਹਾਂ, ਕੰਦਮੂਲ, ਕੀੜੇ, ਪੰਛੀ, ਚੂਹੇ, ਖਾਣ ਯੋਗ ਪੱਤੇ, ਮਸ਼ਰੂਮ, ਇਮਲੀ ਅਤੇ ਬਾਂਸ ਦੇ ਤਣੇ ਬਿਲਕੁਲ ਸੁੱਟਣ ਵਾਲੀ ਕੀਮਤ ਤੇ ਵਿਚੋਲੀਏ ਨੂੰ ਦੇ ਦਿੰਦੇ ਹਨ।

### ਖਜ਼ਾਨਾ

"ਬੱਚੇ ਓਨੇ ਮਿਹਨਤੀ ਨਹੀ ਹਨ, ਜਿੰਨੇ ਅਸੀਂ ਆਪਣੇ ਦਿਨਾਂ ਵਿਚ ਹੁੰਦੇ ਸਾਂ।" ਰਾਵਤ ਪਹਾੜੀਆ, ਜੋ ਕਿ ਸਮਾਜ ਦੇ ਬਜ਼ੁਰਗ ਮੈਂਬਰਾਂ ਵਿਚੋ ਇਕ ਸੀ, ਨੇ ਸ਼ਿਕਾਇਤ ਕੀਤੀ। ਇਸਨੂੰ ਅੱਗੇ ਵਧਾਉਂਦੇ ਹੋਏ, ਜੰਗਲੀ ਖਾਧ ਪਦਾਰਥਾਂ ਦੀ ਮੌਸਮੀ ਉਪਲਬਧਤਾ ਦੇਖਣਾ ਸਾਡਾ ਹਵਾਲਾ ਦੇਣ ਦਾ



**ਪਹਾੜੀਆ ਔਰਤਾਂ ਦਾ ਰਵਾਇਤੀ ਨਾਚ**

ਸ਼ੁਰੂਆਤੀ ਬਿੰਦੂ ਬਣ ਗਿਆ। ਅਸੀਂ ਬੱਚਿਆਂ ਨੂੰ ਇਹਨਾਂ ਖਾਧ ਪਦਾਰਥਾਂ ਦੀ ਪਛਾਣ ਕਰਨ ਅਤੇ ਦਸਤਾਵੇਜ਼ੀ ਕਰਨ ਵਿਚ ਲਗਾਇਆ। ਇਹ ਸਪੱਸ਼ਟ ਸੀ ਕਿ ਆਧੁਨਿਕ ਵਿਕਾਸ ਦੇ ਰੁਝਾਨਾਂ ਦੇ ਨਾਲ, ਉਹਨਾਂ ਦੇ ਪ੍ਰੰਪਰਿਕ ਗਿਆਨ ਦਾ ਆਧਾਰ ਘੱਟ ਹੋ ਗਿਆ ਸੀ। ਆਪਣੀ ਵਿਰਾਸਤ ਅਤੇ ਅਮੀਰ ਜੈਵ ਵਿਭਿੰਨਤਾ ਤੋਂ ਅਣਜਾਨ ਨੌਜਵਾਨ ਪੀੜ੍ਹੀ ਭੋਜਨ ਅਤੇ ਦਵਾਈਆਂ ਲਈ ਬਾਹਰੀ ਸ੍ਰੋਤਾਂ ਉਪਰ ਨਿਰਭਰ ਹੈ। ਨਤੀਜੇ ਵਜੋਂ, ਉਹ ਕੁਪੋਸ਼ਣ, ਭੁੱਖ ਅਤੇ ਬਿਮਾਰੀ ਦੇ ਜਲਦੀ ਸ਼ਿਕਾਰ ਹੋ ਜਾਂਦੇ ਹਨ।

**ਸਮੁਦਾਇ ਨੇ 10 ਕਿਸਮ ਦੇ ਮਸ਼ਰੂਮ, 5 ਕਿਸਮ ਦੇ ਜਲੀ ਨਦੀਨਾਂ, 5 ਕਿਸਮ ਦੇ ਸ਼ਹਿਦ, 20 ਕਿਸਮਾਂ ਦੇ ਪੰਛੀ, 24 ਕਿਸਮ ਦੀਆਂ ਹਰੀਆਂ ਪੱਤੇਦਾਰ ਸਬਜ਼ੀਆਂ, 15 ਕਿਸਮ ਦੇ ਫਲ, 6 ਕਿਸਮ ਦੀਆਂ ਸਬਜ਼ੀਆਂ, 6 ਕਿਸਮ ਦੀਆਂ ਫਲੀਦਾਰ, 2 ਕਿਸਮਾਂ ਦੇ ਮੂਲ ਅਨਾਜ, 3 ਕਿਸਮ ਦੇ ਫੁੱਲ, 4 ਕੰਦ ਅਤੇ 3 ਕਿਸਮ ਦੇ ਬੀਜ ਜੋ ਕਿ ਜੰਗਲ ਵਿਚ ਉਪਲਬਧ ਹਨ, ਦੀ ਪਛਾਣ ਕੀਤੀ।**

ਸਮੁਦਾਇ ਇਸ ਜੰਗਲੀ ਭੋਜਨ ਜਿਸ ਵਿਚ ਜ਼ਿਆਦਾਤਰ ਜੰਗਲੀ ਖਾਧ ਪਦਾਰਥਾਂ ਜਿੰਨਾਂ ਵਿਚ ਪੱਤੇ, ਫੁੱਲ, ਫਲ, ਜਾਨਵਰ, ਪੰਛੀ, ਮਸ਼ਰੂਮ, ਮੱਛੀ, ਕੇਕੜੇ, ਸ਼ਹਿਦ ਆਦਿ ਨੂੰ ਬਹਾਲ ਕਰ ਸਕਦੇ ਹਨ। ਉਹਨਾਂ ਨੇ ਸਾਂਝਾ ਕੀਤਾ ਕਿ ਕਿਸ ਤਰ੍ਹਾ ਇਹ ਖਾਧ ਪਦਾਰਥ ਜਲਵਾਯੂ ਦੇ ਝਟਕਿਆਂ ਵਿਰੁੱਧ ਇਕ ਕੁਦਰਤੀ ਬੀਮਾ ਮੁਹੱਈਆ ਕਰਵਾਉਂਦੇ ਹਨ ਖਾਸ ਕਰਕੇ, ਤਣਾਅ ਦੇ ਸਮੇਂ ਵਿੱਚ, ਆਮ ਤੌਰ ਤੇ ਗਰਮੀ ਅਤੇ ਬਰਸਾਤ ਦੇ ਦਿਨਾਂ ਵਿਚ।

40 ਸਾਲਾਂ ਇਕ ਕਿਸਾਨ ਅੱਗੇ ਆਇਆ ਅਤੇ ਦੱਸਿਆ – "ਮੇਰੇ ਬਚਪਨ ਦੇ ਦਿਨਾਂ ਵਿਚ ਅਸੀਂ ਮਿੱਟੀ ਦੇ ਤੇਲ ਅਤੇ ਨਮਕ ਤੋਂ ਬਿਨਾਂ ਬਾਜ਼ਾਰੋਂ ਕੁੱਝ ਵੀ ਨਹੀ ਖਰੀਦਦੇ ਸਾਂ, ਪਰ ਹੁਣ ਸਾਨੂੰ ਜ਼ਿਆਦਾਤਰ ਚੀਜ਼ਾਂ ਬਾਹਰੋਂ ਜਾਂ ਸ਼ਾਹੂਕਾਰ ਜੋ ਕਿ ਜ਼ਿਆਦਾਤਰ ਸਾਡੇ ਨਾਲ ਵਪਾਰ ਕਰਦੇ ਹਨ, ਤੋਂ ਖਰੀਦਦੇ ਹਾਂ। ਨਕਦ ਆਮਦਨੀ ਜਿੰਦਾ ਰਹਿਣ ਲਈ ਵੱਡੀ ਗੱਲ ਬਣ ਗਈ ਹੈ। ਜਬਰਨ ਪ੍ਰਵਾਸ ਅਤੇ ਰੁੱਖਾਂ ਦੀ ਕਟਾਈ ਇਸ ਬਦਲਦੇ ਦ੍ਰਿਸ਼ ਦਾ ਸਿੱਧਾ ਅਸਰ ਹੈ।"

ਸਮੇਂ ਦੇ ਨਾਲ ਹੌਲੀ-ਹੌਲੀ, ਸਮੁਦਾਇ ਨੇ 10 ਕਿਸਮ ਦੇ ਮਸ਼ਰੂਮ, 5 ਕਿਸਮ ਦੇ ਜਲੀ ਨਦੀਨਾਂ, 5 ਕਿਸਮ ਦੇ ਸ਼ਹਿਦ, 20 ਕਿਸਮਾਂ ਦੇ ਪੰਛੀ, 24 ਕਿਸਮ ਦੀਆਂ ਹਰੀਆਂ ਪੱਤੇਦਾਰ ਸਬਜ਼ੀਆਂ, 15 ਕਿਸਮ ਦੇ ਫਲ, 6 ਕਿਸਮ ਦੀਆਂ ਸਬਜ਼ੀਆਂ, 6 ਕਿਸਮ ਦੀਆਂ ਫਲੀਦਾਰ, 2 ਕਿਸਮਾਂ ਦੇ ਮੂਲ ਅਨਾਜ, 3 ਕਿਸਮ ਦੇ ਫੁੱਲ, 4 ਕੰਦ ਅਤੇ 3 ਕਿਸਮ ਦੇ ਬੀਜ ਜੋ ਕਿ ਜੰਗਲ ਵਿਚ ਉਪਲਬਧ ਹਨ, ਦੀ ਪਛਾਣ ਕੀਤੀ। ਇਹਨਾਂ ਸਭ ਦਾ ਆਪਣੇ ਸਥਾਨਕ ਨਾਮ, ਵਿਗਿਆਨਕ ਨਾਮ, ਵੇਰਵਾ, ਪ੍ਰਸਾਰ ਆਦਤਾਂ, ਚੋਣਾਂ ਅਤੇ ਸਹਿਣਸ਼ੀਲਤਾ, ਵਰਤੋਂ, ਪੋਸ਼ਣ ਮੁੱਲ, ਮੌਸਮ ਆਦਿ ਵੇਰਵੇ ਦੇ ਨਾਲ ਸਮੁਦਾਇ ਦੇ ਵਲੰਟੀਅਰਾਂ ਦੁਆਰਾ ਬੜੇ ਹੀ ਧਿਆਨ ਨਾਲ ਦਸਤਾਵੇਜ਼ੀਕਰਨ ਕੀਤਾ। ਮਾਹਿਰਾਂ ਦੀ ਸ਼ਮੂਲੀਅਤ ਦੇ ਬਾਵਜੂਦ ਮਸ਼ਰੂਮ ਅਤੇ ਮੱਛੀਆਂ ਦੀ ਵਿਗਿਆਨਕ ਸ਼ਨਾਖਤ ਨਹੀ ਹੋ ਸਕੀ।

**ਅੱਗੇ ਦੀ ਕਾਰਵਾਈ**

ਦਸਤਾਵੇਜ਼ੀ ਪ੍ਰਕ੍ਰਿਆ ਨੇ ਸਾਡੀ ਕੁਦਰਤ, ਵਾਤਾਵਰਣ, ਭੋਜਨ ਅਤੇ ਪਹਾੜੀਆ ਜਨਜਾਤੀ ਦੇ ਸੱਭਿਆਚਾਰ ਨੂੰ ਸਮਝਣ ਵਿਚ ਮਦਦ ਕੀਤੀ ਪਰ ਸਮੁਦਾਇ ਲਈ ਇਸਨੇ ਖੁਰਾਕ ਦੀ ਵਿਭਿੰਨਤਾ ਨੂੰ ਵਧਾਇਆ। ਸ਼ੁਰੂ ਵਿਚ, ਇਹ ਗਿਆਨ ਦੇ ਪੱਧਰ ਤੇ ਵਧੇਰੇ ਸੀ। ਬਰਸਾਤ ਦੇ ਮੌਸਮ ਦੌਰਾਨ, ਕੁੱਝ ਕੰਦ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਅਤੇ ਗਰਮੀ ਦੌਰਾਨ ਕੁੱਝ ਫਲ ਖਾਣੇ ਵਿਚ ਸ਼ਾਮਲ ਕੀਤੇ ਗਏ। ਇਹ ਉਹਨਾਂ ਦੇ ਦੁਪਹਿਰ ਦੇ ਅਤੇ ਰਾਤ ਦੇ ਖਾਣੇ ਵਿਚ ਪ੍ਰਤਿ ਹਫਤਾ 12 ਤੋਂ 14 ਸਰਵਿੰਗਸ ਵਿਚ ਬਦਲ ਗਿਆ। ਔਰਤਾਂ ਨੇ ਉਹਨਾਂ ਪਕਵਾਨਾਂਅਤੇ ਪ੍ਰਥਾਵਾਂ ਨੂੰ ਬਹਾਲ ਕੀਤਾ ਜੋ ਲਗਭਗ ਭੁਲਾ ਦਿੱਤੀਆਂ ਗਈਆਂ ਸਨ। ਖਾਣਿਆਂ ਨੂੰ ਬਚਾਅ ਕੇ ਰਖਣ ਦੀਆਂ ਪ੍ਰਕ੍ਰਿਆਵਾਂ ਜਿਵੇਂ ਹਰੀਆਂ ਪੱਤੀਆਂ ਨੂੰ ਸੁਕਾਉਣਾ, ਸਥਾਨਕ ਪੱਤਿਆਂ ਨੂੰ ਸੁਕਾ ਕੇ ਅਤੇ ਦਾਲਾਂ ਨੂੰ ਪੀਸ ਕੇ ਬਣਨ ਵਾਲਾ ਕੇਕ ਆਦਿ ਵੀ ਬਣਾ ਕੇ ਦੇਖੇ ਗਏ ਅਤੇ ਉਹਨਾਂ ਦੀ ਤਾਰੀਫ਼ ਹੋਈ ਅਤੇ ਵਾਪਸ ਖੁਰਾਕ ਵਿਚ ਸ਼ਾਮਲ ਕੀਤੇ ਗਏ।

ਇਹਨਾਂ ਤਜ਼ਰਬਿਆਂ ਦੇ ਆਧਾਰ ਤੇ, ਪੋਸ਼ਣ ਸਿੱਖਿਆ ਤੇ ਧਿਆਨ ਕੇਂਦ੍ਰਿਤ ਕਰਕੇ ਇਕ ਸਮਰੱਥਾ ਨਿਰਮਾਣ ਮਾਡਿਊਲ ਤਿਆਰ ਕੀਤਾ ਗਿਆ। ਇਸ ਵਿਚ ਬੁਨਿਆਦੀ ਪੌਸ਼ਟਿਕ ਸਿਹਤ ਅਤੇ ਸਫਾ, ਸੰਬੰਧੀ ਮੁੱਦਿਆਂ, ਸਥਾਨਕ ਪਕਵਾਨਾਂ ਦੀ ਤਿਆਰੀ, ਫੂਡ ਪ੍ਰੋਸੈਸਿੰਗ ਦੀਆਂ ਸਾਧਾਰਨ ਤਕਨੀਕਾਂ ਆਦਿ ਸ਼ਾਮਲ ਸਨ। ਨਾਲ ਹੀ, 10 ਪਿੰਡਾਂ ਵਿੱਚੋਂ 25 ਮਾਵਾਂ ਦੇ ਇਕ ਮਹਿਲਾ ਸਮੂਹ ਦੀ ਚੋਣ ਕਰਕੇ ਉਹਨਾਂ ਨੂੰ ਇਸ ਏਜੰਡੇ ਨੂੰ ਅੱਗੇ ਵਧਾਉਣ ਦੀ ਸਿਖਲਾਈ ਦਿਤੀ ਗਈ।

ਇਹ ਪ੍ਰਕ੍ਰਿਆ ਭੋਜਨ ਅਤੇ ਖੁਰਾਕ ਤੋਂ ਵੀ ਅੱਗੇ ਚਲੀ ਗਈ। ਸਮੁਦਾਇ ਦੇ ਨੇਤਾਵਾਂ ਨੇ ਬਿਨ ਉਗਾਏ ਭੋਜਨ ਅਤੇ ਆਸ-ਪਾਸ ਦੇ ਕੁਦਰਤੀ ਸੰਸਾਧਨਾਂ ਦਾ ਸਰੰਖਿਅਣ ਕਰਨਾ ਸ਼ੁਰੂ ਕਰ ਦਿੱਤਾ। ਸਰੰਖਿਅਣ ਦੀ ਇਸ ਪ੍ਰਕ੍ਰਿਆ ਦੌਰਾਨ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਪੌਦਿਆਂ ਦੀ ਨਵੀਂ ਪਨੀਰੀ ਨੂੰ ਬਚਾ ਕੇ ਰੱਖਣਾ ਇਕ ਵੱਡੀ ਚੁਣੌਤੀ ਸੀ। ਇਹ ਦੇਖਿਆ ਗਿਆ ਕਿ ਜੰਗਲ ਵਿਚ ਸਥਾਨਕ ਪ੍ਰਜਾਤੀਆਂ ਸਹਿਜੀਵਨ ਰਾਹੀ ਆਪਣੇ ਵਜੂਦ ਨੂੰ ਬਚਾ ਕੇ ਰੱਖਣ ਅਤੇ ਵਿਕਾਸ ਨੂੰ ਯਕੀਨੀ ਬਣਾਉਂਦੀਆਂ ਹਨ ਜਦੋਂਕਿ ਘਟਦੇ ਜੰਗਲ ਵਿਚ ਅਕਸਰ ਨਵੇਂ ਪੌਦੇ ਲਗਾਉਣ ਦੀ ਕੋਸ਼ਿਸ਼ ਫੇਲ ਹੋ ਜਾਂਦੀ ਹੈ।



**ਵਿਭਿੰਨ ਤਰ੍ਹਾਂ ਦਾ ਜੰਗਲੀ ਭੋਜਨ ਦਿਖਾਉਂਦੇ ਹੋਏ**

ਇਸ ਸਬਕ ਦਾ ਇਸਤੇਮਾਲ ਕਰਦੇ ਹੋਏ, ਸਮੁਦਾਇਆਂ ਨੇ ਜੰਗਲ ਦੇ ਸੰਘਣੇ ਸਥਾਨਾਂ ਵਿਚ ਅੰਤਰਾਲਾਂ ਨੂੰ ਪੂਰ ਕੇ ਉਚਿਤ ਸਰੰਖਿਅਣ ਵਿਧੀਆਂ ਨੂੰ ਵਿਕਸਿਤ ਕਰਨ ਉਪਰ ਧਿਆਨ ਕੇਂਦ੍ਰਿਤ ਕੀਤਾ। ਚਾਰ ਬਾਹਰੀ ਸਰੰਖਿਅਣ ਸਥਾਨ ਵਿਕਸਿਤ ਕੀਤੇ ਗਏ - ਬੂਕੋਤੋਲਾ ਅਤੇ ਸਿਮਲਾਂਗ ਪਿੰਡ ਵਿਚ ਇਕ-ਇਕ ਅਤੇ ਕੁਤਲੋ ਪਹਾੜ ਪਿੰਡ ਵਿਚ ਦੋ। ਹਰ ਸਥਾਨ ਉਪਰ ਸ਼ੁਰੂਆਤ ਵਿਚ 35 ਤੋਂ 40 ਸਥਾਨਕ ਪ੍ਰਜਾਤੀਆਂ ਦਾ ਸਰੰਖਿਅਣ ਕੀਤਾ ਗਿਆ। ਇਸ ਸੁਭਾਵਕ ਕੰਮ ਨੂੰ ਸਮੁਦਾਇਕ ਲੀਡਰਾਂ ਲਈ ਆਪਣੇ ਆਪ ਉਗੇ ਭੋਜਨ ਅਤੇ ਹੋਰ ਮੁੱਦਿਆਂ ਉਪਰ ਕੰਮ ਕਰਨ ਲਈ ਇਕ ਸਮਰੱਥਾ ਨਿਰਮਾਣ ਮਾਡਿਊਲ ਵਿਚ ਸੰਕਲਿਤ ਕੀਤਾ ਗਿਆ ਸੀ।

ਖੁਰਾਕ ਵਿਚ ਪੋਸ਼ਕ ਤੱਤਾਂ ਦੇ ਪਾੜੇ ਨੂੰ ਦੂਰ ਕਰਨ ਲਈ ਕੁੱਝ ਸਹਿਯੋਗੀ ਗਤੀਵਿਧੀਆਂ ਵੀ ਸ਼ੁਰੂ ਕੀਤੀਆਂ ਗਈਆਂ। ਸਮੁਦਾਇ ਫ਼ਸਲ ਦੀ ਕਟਾਈ ਤੋਂ ਬਾਅਦ ਜ਼ਿਆਦਾਤਰ ਫਲੀਦਾਰ ਫ਼ਸਲਾਂ ਨੂੰ ਪਲਾਸਟਿਕ ਦੇ ਬੈਗ ਵਿਚ ਜਮਾ ਰੱਖਦੇ ਸਨ ਜਿਸ ਉਪਰ ਅਕਸਰ ਕੀਟਾਂ ਦਾ ਹਮਲਾ ਹੋ ਜਾਂਦਾ ਸੀ ਜਿਸ ਕਰਕੇ ਕਿਸਾਨਾਂ ਨੂੰ ਇਹ ਫਲੀਦਾਰ ਫ਼ਸਲ ਕਟਾਈ ਦੇ ਇਕ ਜਾਂ ਦੋ ਮਹੀਨੇ ਦੇ ਅੰਦਰ ਵੇਚਣੀ ਪੈਂਦੀ ਸੀ। ਇਸ ਸਮੱਸਿਆ ਨੂੰ ਹੱਲ ਕਰਨ ਲਈ, 70 ਘਰਾਂ ਨੂੰ ਜੀਆਈ ਸ਼ੀਟ ਡਰੰਮ ਦਿੱਤੇ ਗਏ। ਮੈਂਬਰਾਂ ਨੂੰ ਸਥਾਨਕ ਸਮੱਗਰੀ ਜਿਵੇਂ ਨਿੰਮ ਦੇ ਸੁੱਕੇ ਪੱਤੇ, ਕਰੰਜ ਅਤੇ ਨਿਰਗੁੰਡੀ ਦੇ ਪੱਤਿਆਂ ਨੂੰ ਇਸਤੇਮਾਲ ਕਰਕੇ ਸਰੰਖਿਅਣ ਪ੍ਰਕ੍ਰਿਆ ਦੀ ਸਿਖਲਾਈ ਦਿੱਤੀ ਗਈ। ਇਸਨੇ ਫਲੀਦਾਰ ਫ਼ਸਲਾਂ ਦੀ ਵਧੀਆ ਵਿਕਰੀ ਵਿਚ ਮਦਦ ਕੀਤੀ।

ਬਾਹਰੀ ਸਰੰਖਿਅਣ ਦੇ ਨਾਲ, ਹੋਰ ਵੀ ਕਈ ਕਦਮ ਉਠਾਏ ਗਏ। ਉਦਾਹਰਨ ਲਈ ਜੁਜੂਬੇ, ਸੀਤਾਫਲ, ਅੰਬ, ਅਮਰੂਦ, ਕਟਹਲ ਆਦਿ ਦੀਆਂ ਸਥਾਨਕ ਕਿਸਮਾਂ ਘਰਾਂ ਵਿਚ ਲਗਾਈਆਂ ਗਈਆਂ, 6 ਪਿੰਡਾਂ ਵਿਚ ਬਾਜਰੇ ਦੀ ਮੁੜ ਬਿਜਾਈ ਹੋਈ, ਹੋਰ ਦੋ ਮਹੀਨਿਆਂ ਲਈ ਪਾਣੀ ਦੀ ਉਪਲਬਧਤਾ ਨੂੰ ਵਧਾਉਣ ਲਈ ਜਲ ਗ੍ਰਹਿਣ ਉਪਚਾਰ ਅਤੇ ਪਾਣੀ ਦੇ ਚੈਨਲਾਂ ਦਾ ਨਿਰਮਾਣ ਕੀਤਾ ਗਿਆ।

## ਅੱਗੇ ਦੇਖਣਾ

ਆਪਣੇ ਆਪ ਉਗੇ ਭੋਜਨ ਨੇ ਲੋਕਾਂ ਦੇ ਆਹਾਰ ਅਤੇ ਮਨ ਵਿਚ ਪੁਰਾਣੀ ਸਥਿਤੀ ਨੂੰ ਮੁੜ ਪ੍ਰਾਪਤ ਕਰ ਲਿਆ ਹੈ। ਪਰ ਇਹ ਵੀ ਮਹਿਸੂਸ ਕੀਤਾ ਗਿਆ ਕਿ ਜਦ ਤਕ ਜੰਗਲ ਦਾ ਆਧਾਰ ਵਾਪਸ ਨਹੀ ਮਿਲ ਜਾਂਦਾ ਅਤੇ ਪਰਿਸਥਿਤਕੀ ਤੰਤਰ ਫਿਰ ਤੋਂ ਸਥਾਪਤ ਨਹੀ ਹੋ ਜਾਂਦਾ, ਆਪਣੇ ਆਪ ਉਗੇ ਭੋਜਨ ਦੀ ਮੰਗ ਕਦੇ ਪੂਰੀ ਨਹੀ ਹੋ ਸਕਦੀ। ਇਕ ਪਹਿਲ, ਜੋ ਆਪਣੇ ਆਪ ਉਗੇ ਭੋਜਨ ਦੀ ਬਹਾਲੀ ਲਈ ਸ਼ੁਰੂ ਹੋਈ ਸੀ, ਨੇ ਪਾਣੀ ਦੇ ਵਿਕਾਸ, ਖੁਰਾਕ ਵਿਚ ਸੁਧਾਰ ਅਤੇ ਖੇਤ ਵਿਚ ਵਿਭਿੰਨਤਾ ਦੀ ਮੰਗ ਨੂੰ ਵਧਾਇਆ।

ਇਹਨਾਂ ਵਿਚੋ ਕੁਝ ਕਿਸਾਨਾਂ ਨੇ ਆਪਣੇ ਇਸ ਗਿਆਨ ਨੂੰ ਸਾਂਝਾ ਕਰਨ ਲਈ ਰਾਂਚੀ ਅਤੇ ਦਿੱਲੀ ਦੀ ਯਾਤਰਾ ਕੀਤੀ - ਕੁੱਝ ਨੇ ਪਹਿਲੀ ਵਾਰ ਮੋਟਰ ਵਾਲੇ ਵਾਹਨ ਉਪਰ ਯਾਤਰਾ ਕੀਤੀ! ਉਹਨਾਂ ਲਈ ਇਹ ਭੋਜਨ ਖਜਾਨਾ ਸੀ ਅਤੇ ਸਾਡੇ ਲਈ ਇਹ ਖਜਾਨਾ ਰਾਵਤ ਪਹਾੜੀਆ, ਸ਼ੰਕਰੀ ਪਹਾੜੀਆ ਅਤੇ ਉਹਨਾਂ ਜਿਹੇ ਹੋਰ ਬਹੁਤ ਸਾਰੇ ਕਿਸਾਨਾਂ ਦੀਆਂ ਅੱਖਾਂ ਵਿਚ ਖੁਸ਼ੀ ਅਤੇ ਆਤਮ ਵਿਸ਼ਵਾਸ ਹੈ। ਹੁਣ ਉਹ ਸਭ ਜੰਗਲ ਵਿਚ ਉਚਿਤ ਸਥਾਨਾਂ ਉਪਰ ਵਿਭਿੰਨ ਰੁੱਖਾਂ, ਝਾੜੀਆਂ, ਵੇਲਾਂ, ਘਾਹ, ਕੰਦ ਆਦਿ ਦੇ ਵਿਵਹਾਰਿਕ ਮੇਲ ਰਾਹੀ ਭੋਜਨ ਲਈ ਜੰਗਲ (ਫੂਡ ਫਾਰੈਸਟ) ਬਣਾਉਣ ਵਿਚ ਲੱਗੇ ਹੋਏ ਹਨ ਜੋ ਕਿ ਇਕ ਖਾਧ ਭੰਡਾਰ ਦੇ ਰੂਪ ਵਿਚ ਕੰਮ ਕਰੇਗਾ ਅਤੇ ਨਾਲ ਹੀ ਈਂਧਨ ਅਤੇ ਚਾਰਾ ਵੀ ਪ੍ਰਦਾਨ ਕਰੇਗਾ। ਸਚਮੁੱਚ ਹੀ ਅੱਗੇ ਬੜਾ ਲੰਮਾ ਰਸਤਾ ਹੈ! ◆

**ਅੰਸ਼ੂਮਨ ਦਾਸ**
ਪ੍ਰੋਗਰਾਮ ਮੈਨੇਜਰ, ਵੈਲਥਗੈਰਹਿਲਫ ਕੰਟਰੀ ਦਫਤਰ,
ਭਾਰਤ ਏ-3, ਸੁਆਮੀ ਨਗਰ, ਨਵੀਂ ਦਿੱਲੀ - 110017
ਈਮੇਲ- Anshuman.Das@welthungerhilfe.de

Uncultivated foods - *The hidden treasure*
LEISA INDIA, Vol-18, No.2, June 2016.

# ਗੈਰ-ਕਾਸ਼ਤ ਕੀਤੇ ਖਾਣੇ ਦੀ ਕਦਰ ਕਰਦਿਆਂ

**ਦੇਬਜੀਤ ਸਾਰੰਗੀ**

ਜਲਵਾਯੂ ਸੰਕਟ ਦੇ ਯੁਗ ਵਿਚ ਜੰਗਲਾਂ ਦੇ ਵਪਾਰੀਕਰਨ ਨੇ ਉਹਨਾਂ ਨੂੰ ਸਿਰਫ ਕਾਰਬਨ ਸਟਾਕੋ ਤੱਕ ਸੀਮਤ ਕਰ ਦਿੱਤਾ ਹੈ। ਜੰਗਲ ਭੋਜਨ ਭੰਡਾਰ ਵੀ ਹਨ ਅਤੇ ਬਹੁਤ ਸਾਰੇ ਪੇਂਡੂ ਗਰੀਬ ਲੋਕਾਂ ਆਪਣੀਆਂ ਖਾਣੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਜੰਗਲੋਂ ਤੇ ਨਿਰਭਰ ਕਰਦੇ ਹਨ। ਸਹੀ ਸਹਿਯੋਗ ਮਿਲਣ ਤੇ ਗੈਰ-ਕਾਸ਼ਤ ਖਾਧ ਪਦਾਰਥ ਖਾਧ ਅਸੁਰੱਖਿਆ ਦੇ ਮਾਮਲੇ ਨੂੰ ਹੱਲ ਕਰਨ ਵਿਚ ਮਦਦ ਕਰ ਸਕਦੇ ਹਨ, ਖਾਸ ਕਰਕੇ ਇਸ ਜਲਵਾਯੂ ਸੰਕਟ ਦੇ ਯੁਗ ਵਿਚ।

ਜੰਗਲ ਗੈਰ ਕਾਸ਼ਤ ਭੋਜਨ ਜਿਵੇਂ ਖਾਣ ਵਾਲੇ ਫੁੱਲ, ਫਲ, ਪੱਤੇ, ਬੀਜ, ਮਸ਼ਰੂਮ, ਬਾਂਸ, ਜੜ੍ਹਾਂ ਅਤੇ ਕੰਦ, ਪੰਛੀ, ਸ਼ਹਿਦ ਅਤੇ ਖਾਣਯੋਗ ਕੀੜੇ ਆਦਿ ਦੇ ਅਮੀਰ ਸ੍ਰੋਤ ਹਨ। ਹਾਲਾਂਕਿ ਰਾਏਗੜ੍ਹਾ ਜਿਲੇ ਦੇ ਜ਼ਿਆਦਾਤਰ ਆਦੀਵਾਸੀ ਕਿਸਾਨ ਇਕ ਸਾਲ ਵਿਚ 30 ਤੋਂ ਜ਼ਿਆਦਾ ਫਸਲਾਂ ਉਗਾਉਂਦੇ ਹਨ ਪਰ ਫਿਰ ਵੀ ਉਹ ਵਿਭਿੰਨਤਾ ਲਈ ਜੰਗਲ ਉਪਰ ਨਿਰਭਰ ਕਰਦੇ ਹਨ। ਆਦੀ ਨਾਮ ਦਾ ਕਿਸਾਨ ਦੱਸਦਾ ਹੈ, "ਅਸੀ ਕਦੇ ਜੰਗਲ ਦੀ ਬਰਾਬਰੀ ਨਹੀ ਕਰ ਸਕਦੇ। ਜੇਕਰ ਅਸੀ 40 ਕਿਸਮਾਂ ਉਗਾਉਂਦੇ ਹਾਂ, ਤਾਂ ਜੰਗਲ ਵਿਚ 200 ਤੋਂ ਜ਼ਿਆਦਾ ਅਲੱਗ-ਅਲੱਗ ਭੋਜਨ ਉਪਲਬਧ ਹੁੰਦੇ ਹਨ।" ਜੰਗਲਾਂ ਵਿਚ, ਗਰਮੀਆਂ ਵਿਚ ਫਲਾਂ ਸਮੇਤ ਬਹੁਤ ਸਾਰੀਆਂ ਭੋਜਨ ਦੀਆਂ ਕਿਸਮਾਂ ਹੁੰਦੀਆਂ ਹਨ, ਮਾਨਸੂਨ ਦੀ ਬਾਰਿਸ਼ ਦੌਰਾਨ ਬਾਂਸ ਅਤੇ ਮਸ਼ਰੂਮ ਜਦੋਂਕਿ ਸਰਦੀਆਂ ਵਿਚ ਕਈ ਤਰ੍ਹਾ ਦੇ ਕੰਦ ਮਿਲਦੇ ਹਨ। ਤਾਦੀਪੈ ਪਿੰਡ ਦੀ ਬਜੁਰਗ ਆਦੀਵਾਸੀ ਮਹਿਲਾ ਪਾਰਬਤੀ ਪ੍ਰਸ਼ਕਾ ਦੱਸਦੀ ਹੈ, "ਜੰਗਲ ਸਾਡੀ ਮਾਂ ਹੈ। ਸੋਕੇ ਦੇ ਬੁਰੇ ਸਾਲ ਦੇ ਦੌਰਾਨ ਜੜ੍ਹਾਂ ਅਤੇ ਬਾਂਸ ਦੇ ਤਣੇ, ਖਾਣਯੋਗ ਪੱਤਦਾਰ ਸਬਜ਼ੀਆਂ ਅਤੇ ਸ਼ਹਿਦ ਆਦਿ ਨੇ ਮੇਰੇ ਪਿੰਡ ਵਿਚ ਲੋਕਾਂ ਨੂੰ ਤਿੰਨ ਮਹੀਨੇ ਲਈ ਪਿੰਡ ਵਿਚ ਬਣਾਏ ਰੱਖਿਆ।"

ਘਰ ਦੀਆਂ ਭੋਜਨ ਦੀਆਂ ਜਰੂਰਤਾਂ ਪੂਰੀਆਂ ਕਰਨ ਤੋਂ ਇਲਾਵਾ, ਇਹ ਗੈਰ-ਕਾਸ਼ਤ ਭੋਜਨ ਪਰਿਵਾਰ ਦੀ ਆਮਦਨੀ ਵਧਾਉਣ ਵਿਚ ਵੀ ਮਦਦ ਕਰਦੇ ਹਨ। ਆਦੀ ਦੱਸਦੇ ਹਨ, "ਜਦ ਘਰ ਵਿਚ ਕੋਈ ਪੈਸਾ ਨਹੀ ਹੁੰਦਾ, ਅਸੀ ਜੰਗਲ ਵਿਚ ਉਗ ਰਹੀ ਹਲਦੀ ਲੈਂਦੇ ਹਾਂ ਅਤੇ ਬਾਜ਼ਾਰ ਵਿਚੋ ਨਮਕ ਜਾਂ ਤੇਲ ਖਰੀਦਣ ਦੇ ਲਈ ਇਸਨੂੰ ਵੇਚ ਦਿੰਦੇ ਹਾਂ।" ਜੰਗਲ ਤੋਂ ਮਿਲਣ ਵਾਲਾ ਇਹ ਭੋਜਨ ਉਹਨਾਂ ਨੂੰ ਆਤਮਨਿਰਭਰਤਾ, ਸਨਮਾਨ ਅਤੇ ਗੌਰਵ, ਅਤੇ ਇਸ ਤੋਂ ਵੀ ਵਧ ਕੇ ਉਹਨਾਂ ਨੂੰ ਸ਼ਾਹੂਕਾਰਾਂ ਦੇ ਚੰਗੁਲ ਵਿਚ ਫਸਣ ਤੋਂ ਬਚਾਉਂਦਾ ਹੈ।

ਇਸਲਈ, ਕੀ ਸਾਨੂੰ ਇਸ ਵਿਚਾਰ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ ਖੇਤੀ ਵਿਗਿਆਨ ਦਾ ਉਦੇਸ਼ ਥੋੜੀ ਜਿਹੀ ਥਾਂ ਉਪਰ ਕੁਝ ਚੁਨਿੰਦਾ ਫਸਲਾਂ ਦਾ ਉਤਪਾਦਨ ਕਰਨਾ ਹੁੰਦਾ ਹੈ? ਕੀ ਸਾਨੂੰ ਖੇਤਾਂ, ਚਰਾਂਦਾ, ਜੰਗਲ ਦੇ ਖੇਤਰਾਂ, ਜਲ ਭੰਡਾਰਾਂ ਅਤੇ ਘਰਾਂ ਦੇ ਆਲੇ-ਦੁਆਲੇ ਦੀਆਂ ਜਗਾਵਾਂ ਨੂੰ ਬਾਹਰ ਕੱਢ ਦੇਣਾ ਚਾਹੀਦਾ ਹੈ? ਕੀ ਭੋਜਨ ਉਤਪਾਦਨੋਂ ਖੇਤੀ ਦਾ ਸਮਾਨਾਰਥਕ ਹੈ? ਲਿਵਿੰਗ ਫਾਰਮਜ਼ ਦਾ ਕਹਿਣਾ ਹੈ ਕਿ ਭੋਜਨ ਇਕੱਠਾ



**ਜੰਗਲ ਤੋਂ ਪ੍ਰਾਪਤ ਭੋਜਨ ਆਦੀਵਾਸੀਆਂ ਦੇ ਭੋਜਨ ਦਾ ਮਹੱਤਵਪੂਰਨ ਅੰਗ ਹੈ**

ਕਰਨ ਅਤੇ ਸਰੰਖਿਅਤ ਕਰਨ ਦੇ ਬਾਰੇ ਵਿਚ ਵੀ ਹੈ।

### ਪਰਿਵਾਰਕ ਆਹਾਰ ਵਿਚ ਜੰਗਲ ਤੋਂ ਮਿਲਣ ਵਾਲੇ ਭੋਜਨ ਦੀ ਭੂਮਿਕਾ

ਘਰੇਲੂ ਆਹਾਰ ਵਿਚ ਜੰਗਲ ਤੋਂ ਮਿਲਣ ਵਾਲੇ ਖਾਧ ਪਦਾਰਥਾਂ ਦੀ ਭੂਮਿਕਾ ਨੂੰ ਸਮਝਣ ਦੇ ਲਈ, ਲਿਵਿੰਗ ਫਾਰਮਜ਼ ਨੇ 2013 ਵਿਚ ਉੜੀਸਾ ਦੇ ਰਾਏਗੜਾ ਜਿਲੇ ਦੇ ਪਿੰਡਾਂ ਦਾ ਅਧਿਐਨ ਕੀਤਾ। ਅਧਿਐਨ ਨੇ ਜੁਲਾਈ 2013 ਅਤੇ ਦਸੰਬਰ 2013 ਦੇ ਆਖਰੀ ਹਫ਼ਤੇ ਵਿਚਕਾਰ 121 ਤਰ੍ਹਾ ਦੇ ਵਿਭਿੰਨ ਵਣ ਪਦਾਰਥਾਂ ਦੀ ਕਟਾਈ ਕੀਤੇ ਜਾਣ ਦਾ ਰਿਕਾਰਡ ਦਰਜ ਕੀਤਾ। ਔਸਤਨ, ਪ੍ਰਤਿ ਪਰਿਵਾਰ ਅਜਿਹੇ ਭੋਜਨ ਦੀ ਉਪਲਬਧਤਾ 4.56 ਕਿਲੋ ਸੀ, ਜਿਸ ਵਿਚ 21 ਤੋਂ 69 ਵਿਭਿੰਨ ਪ੍ਰਕਾਰ ਦੇ ਖਾਧ ਪਦਾਰਥ ਸ਼ਾਮਲ ਸਨ। ਔਸਤਨ, 0.725 ਕਿਲੋ ਜੰਗਲ ਖਾਧ ਪਦਾਰਥ, ਘਰੇਲੂ ਦੈਨਿਕ ਆਹਾਰ ਦਾ ਹਿੱਸਾ ਬਣ ਗਿਆ, 6 ਪਿੰਡਾਂ ਵਿਚ ਕੁੱਲ ਪਕਾਏ ਭੋਜਨ ਦਾ ਇਹ 12 ਪ੍ਰਤੀਸ਼ਤ ਤੋਂ ਲੈ ਕੇ 24.4 ਪ੍ਰਤੀਸ਼ਤ ਤੱਕ ਹਿੱਸਾ ਸੀ।

ਜੰਗਲ ਦੇ ਖਾਧ ਪਦਾਰਥਾਂ ਉਪਰ ਸਮੁਦਾਇਆਂ ਦੀ ਨਿਰਭਰਤਾ 20 ਤੋਂ 50 ਪ੍ਰਤੀਸ਼ਤ ਤਕ ਹੁੰਦੀ ਹੈ, ਇਹ ਪ੍ਰਤੀਸ਼ਤ ਪਿੰਡ ਦੀਆਂ ਵਿਸ਼ੇਸ਼ਤਾਵਾਂ ਅਤੇ ਜੰਗਲ ਦੀ ਜੈਵ ਵਿਭਿੰਨਤਾ ਸਰੰਚਨਾ ਉਪਰ ਨਿਰਭਰ ਕਰਦਾ ਹੈ। ਇਹ ਵਿਭਿੰਨਤਾ ਅਤੇ ਮਾਤਰਾ ਦੋਵਾਂ ਦੇ ਸੰਦਰਭ ਵਿਚ ਹੈ। ਜੰਗਲ ਤੋਂ ਵੱਡੀ ਮਾਤਰਾ ਵਿਚ ਜੋ ਖਾਧ ਪਦਾਰਥ ਪ੍ਰਾਪਤ ਹੋਏ ਉਹ ਵਿਭਿੰਨ ਪ੍ਰਕਾਰ ਦੇ ਕੰਦ ਸਨ। ਇਹਨਾਂ ਕੰਦਾਂ ਵਿਚੋਂ ਸੋਕੇ ਦੇ ਭੋਜਨ ਦੇ ਰੂਪ ਵਿਚ ਕੇਟਾ ਕੰਦ ਸਥਾਨਕ ਸਮੁਦਾਇਆਂ ਲਈ ਕਾਫ਼ੀ ਮਹੱਤਵਪੂਰਨ ਹੈ। ਇਕ ਹੋਰ ਕੰਦ, ਪੀਟਾ ਕੋਂਦਾ, 4-5 ਮਹੀਨਿਆਂ ਲਈ ਜਮਾ ਕੀਤਾ ਜਾ ਸਕਦਾ ਹੈ। ਸੋਕੇ ਦੇ ਸਾਲਾਂ ਵਿਚ, ਜਦ ਖੇਤ ਵਿਚ ਬੀਜੀ ਫਸਲ ਫੇਲ ਹੁੰਦੀ ਹੈ,

ਜੰਗਲ ਤੋਂ ਮਿਲਣ ਵਾਲੇ ਇਹ ਕੰਦ ਅਤੇ ਹੋਰ ਖਾਧ ਪਦਾਰਥ ਘਰ ਦੀਆਂ ਖਾਧ ਜਰੂਰਤਾਂ ਪੂਰੀਆਂ ਕਰਨ ਲਈ ਮਹੱਤਵਪੂਰਨ ਬਣ ਜਾਂਦੇ ਹਨ। ਇਸਦੇ ਇਲਾਵਾ, ਪਿੰਡ ਦੇ ਲੋਕ ਜੰਗਲ ਤੋਂ 22 ਤਰ੍ਹਾ ਦੀਆਂ ਹਰੀਆਂ ਪੱਤੇਦਾਰ ਸਬਜ਼ੀਆ ਅਤੇ ਫਲਾਂ ਦੀਆਂ 12 ਤੋਂ 15 ਕਿਸਮਾਂ ਇਕੱਠੀਆਂ ਕਰਦੇ ਹਨ।

ਪਿੰਡ ਵਾਲੇ ਆਮ ਤੌਰ ਤੇ ਸਮੂਹਾਂ ਵਿਚ ਜੰਗਲ ਵਿਚ ਖਾਣਾ ਇਕੱਠਾ ਕਰਨ ਜਾਂਦੇ ਹਨ। ਉਹ ਇਕੱਠਾ ਕੀਤਾ ਭੋਜਨ ਆਪਸ ਵਿਚ ਸਾਂਝਾ ਕਰਦੇ ਹਨ। ਉਹਨਾਂ ਨੂੰ ਵੀ ਹਿੱਸਾ ਦਿੱਤਾ ਜਾਂਦਾ ਹੈ ਜੋ ਕਿਸੇ ਕਾਰਨ ਜੰਗਲ ਵਿਚ ਭੋਜਨ ਇਕੱਠਾ ਕਰਨ ਨਹੀ ਜਾ ਸਕਦੇ, ਕਿਸੇ ਨੂੰ ਵੀ ਨਹੀ ਛੱਡਿਆ ਜਾਂਦਾ।

ਹਰੇਕ ਪਿੰਡ ਦੀ ਆਪਣੀ ਰਵਾਇਤੀ ਤੌਰ ਤੇ ਸਵੀਕਾਰ ਕੀਤੀ ਸੀਮਾ ਹੁੰਦੀ ਹੈ ਅਤੇ ਜੰਗਲ ਤਕ ਪਹੁੰਚ ਦੀ ਸੀਮਾ ਉਪਰ ਆਪਸੀ ਸਹਿਮਤੀ ਹੁੰਦੀ ਹੈ। ਹਰੇਕ ਪਿੰਡਵਾਸੀ ਦਾ ਜੰਗਲ ਉਪਰ, ਸਥਾਨਕ ਧਾਰਾ, ਰੁੱਖਾਂ ਉਪਰ ਅਤੇ ਉਸ ਪਰਿਸਥਿਤਕੀ ਤੰਤਰ ਦੇ ਹੋਰ ਸਾਂਝੇ ਸ੍ਰੋਤਾਂ ਉਪਰ ਸਮਾਨ ਅਧਿਕਾਰ ਹੁੰਦਾ ਹੈ। ਜੇਕਰ ਇਕ ਪਿੰਡ ਦੇ ਲੋਕ ਗਵਾਂਢੀ ਪਿੰਡ ਵਿਚ ਬਾਂਸ ਦੇ ਤਣੇ ਇਕੱਠੇ ਕਰਨ ਜਾਂਦੇ ਹਨ ਤਾਂ ਦੂਸਰੇ ਵਾਲੇ ਪਹਿਲੇ ਪਿੰਡ ਵਿਚ ਸ਼ਹਿਦ ਇਕੱਠਾ ਕਰਨ ਜਾ ਸਕਦੇ ਹਨ। ਲੋਕਾਂ ਅਤੇ ਵਾਤਾਵਰਣ ਪ੍ਰਣਾਲੀ ਦੇ ਬਚਾਅ ਲਈ ਇਹ ਆਪਸੀ ਨਿਰਭਰਤਾ ਬਹੁਤ ਮਹੱਤਵਪੂਰਨ ਹੈ।

**ਸੁੰਘੜਦੇ ਜੰਗਲੀ ਸੰਸਾਧਨ**

ਫੀਲਡ ਦੇ ਤਜ਼ਰਬੇ ਅਤੇ ਸਮੁਦਾਇ ਨਾਲ ਗੱਲਬਾਤ ਇਹ ਦਰਸਾਉਂਦੇ ਹਨ ਕਿ ਜੰਗਲ ਘਟਦੇ ਜਾ ਰਹੇ ਹਨ ਅਤੇ ਸਾਗਵਾਨ, ਸਫੇਦਾ ਅਤੇ ਕਰੰਜ ਦੀ ਏਕਲ ਫਸਲ ਪ੍ਰਣਾਲੀ ਅਪਣਾਈ ਜਾ ਰਹੀ ਹੈ। ਨਤੀਜੇ ਵਜੋਂ, ਜੰਗਲ ਦੀ ਰਚਨਾ ਵੀ ਤੇਜ਼ੀ ਨਾਲ ਬਦਲ ਰਹੀ ਹੈ।

ਸੁੰਘੜਦੀ ਜੰਗਲ ਜੈਵ ਵਿਭਿੰਨਤਾ ਦੇ ਨਕਾਰਾਤਮਕ ਪ੍ਰਭਾਵ ਵਿਸ਼ੇਸ਼ ਕਰਕੇ ਉਹਨਾਂ ਔਰਤਾਂ ਦੁਆਰਾ ਅਨੁਭਵ ਕੀਤੇ ਗਏ ਜੋ ਲੱਕੜੀ ਨੂੰ ਛੱਡ ਕੇ ਬਾਕੀ ਜੰਗਲੀ ਉਪਜ ਜਿਸ ਵਿਚ ਜੰਗਲੀ ਭੋਜਨ ਵੀ ਸ਼ਾਮਲ ਹੈ, ਇਕੱਠਾ ਕਰਨ ਜਾਂਦੀਆਂ ਹਨ। 80 ਸਾਲ ਤੋਂ ਜ਼ਿਆਦਾ ਉਮਰ ਦੇ ਫੂਲੋ ਸਿਕੋਕਾ ਦੱਸਦੇ ਹਨ, "ਜੰਗਲ ਬਦਲ ਗਏ ਹਨ ਅਤੇ ਲੋਕ ਵੀ। ਇਸ ਪ੍ਰਕ੍ਰਿਆ ਵਿਚ, ਸਡੇ ਕਈ ਖਾਣਯੋਗ ਕੰਦ ਗੁੰਮ ਹੋ ਗਏ ਹਨ। ਅਸੀ ਆਪਣੇ ਭੋਜਨ ਦੇ ਲਈ ਖੁਦ ਦੇ ਰੁੱਖ-ਪੌਦੇ ਲਗਾਉਣ ਨੂੰ ਤਰਜੀਹ ਦਿੰਦੇ ਹਾਂ।"

ਭੋਜਨ ਅਤੇ ਖੇਤੀ ਦਾ ਮੁੱਖ ਧਾਰਾ ਦਾ ਮਾਡਲ ਦੇਸ਼ ਦੇ ਆਦੀਵਾਸੀਆਂ ਅਤੇ ਜੰਗਲ ਵਿਚ ਰਹਿਣ ਵਾਲੇ ਹੋਰ ਸਮੁਦਾਇਆਂ ਦੇ ਵਿਭਿੰਨਤਾ ਭਰਪੂਰ, ਪ੍ਰੰਪਰਿਕ ਤੌਰ ਤੇ ਖਾਧੇ ਜਾਣ ਵਾਲੇ ਜੰਗਲ ਆਧਾਰਿਤ ਭੋਜਨ ਦੇ ਬਹੁ-ਮੁੱਲਾਂ ਨੂੰ ਮਾਨਤਾ ਨਹੀ ਦਿੰਦਾ। 'ਭੋਜਨ ਸੁਰੱਖਿਆ' ਦਾ ਅਧਿਕਾਰਕ ਵਿਚਾਰ ਵਿਚ 'ਕੇਂਦਰੀ ਪੂਲ' ਗੁਦਾਮਾਂ ਤੋਂ ਸਬਸਿਡੀ ਵਾਲੇ (ਰਾਸ਼ਨ) ਕਾਰਡ ਤੇ ਚਾਵਲ/ਕਣਕ ਦੀ ਨਿਸ਼ਚਿਤ ਮਾਤਰਾ ਦੀ ਪੂਰਤੀ ਜਾਂ ਰਾਜ ਦੁਆਰਾ ਪਰਿਭਾਸ਼ਤ ਭੋਜਨ ਦੀ ਵਿਵਸਥਾ ਸ਼ਾਮਲ ਹੈ। ਆਦੀਵਾਸੀ ਭੋਜਨ ਅਤੇ ਖੇਤੀ ਸੰਬੰਧੀ ਪ੍ਰਣਾਲੀਆਂ ਵਿਚ ਸਥਾਨਕ ਤੌਰ ਤੇ ਤਰਜੀਹ ਦਿੱਤੇ ਜਾਣ ਵਾਲੇ ਅਤੇ ਪੋਸ਼ਣ ਭਰਪੂਰ ਫਸਲਾਂ ਜਿਵੇਂ ਮੂਲ ਅਨਾਜ, ਹੋਰ ਅਨਾਜ, ਦਾਲਾਂ, ਤੇਲ ਵਾਲੀਆਂ ਫਸਲਾਂ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਨੂੰ ਦਰਕਿਨਾਰ ਕੀਤਾ ਗਿਆ। ਉਚਿਤ ਕਾਨੂੰਨ ਅਤੇ ਨੀਤੀਆਂ ਦਾ ਸਹਿਯੋਗ ਨਹੀ ਹੈ। ਜੰਗਲ ਵਿਚ ਰਹਿਣ ਵਾਲੇ ਆਦੀਵਾਸੀ ਸਮੁਦਾਇਆਂ ਕੋਲ ਉਸ ਜਮੀਨ ਦਾ ਕਾਨੂੰਨੀ ਮਾਲਕਾਨਾ ਹੱਕ ਨਹੀ ਹੈ ਜਿਸ ਉਪਰ ਉਹ ਸਦੀਆਂ ਤੋਂ ਰਹਿ ਰਹੇ ਹਨ, ਅਤੇ ਇਸਦਾ ਉਹਨਾਂ ਦੀ ਰੋਜ਼ੀ-ਰੋਟੀ ਅਤੇ ਜਿੰਦਗੀ ਉਪਰ ਬਹੁਤ ਅਸਰ ਪੈਂਦਾ ਹੈ। ਵਣ ਅਧਿਕਾਰ ਕਾਨੂੰਨ ਦੇ ਪਾਸ ਹੋਣ ਦੇ 10 ਸਾਲਾਂ ਬਾਅਦ ਵੀ ਉੜੀਸਾ ਦੇ ਜੰਗਲਾਂ ਦੇ ਸਿਰਫ 6 ਪ੍ਰਤੀਸ਼ਤ ਪਿੰਡਾਂ ਨੂੰ ਜੰਗਲਾਂ ਉਪਰ ਉਹਨਾਂ ਦੇ ਰਵਾਇਤੀ ਅਤੇ ਕਾਨੂੰਨੀ ਅਧਿਕਾਰਾਂ ਨੂੰ ਮਾਨਤਾ ਮਿਲੀ ਹੈ।

**ਅੱਗੇ ਦਾ ਰਸਤਾ**

ਜਲਵਾਯੂ ਪਰਿਵਰਤਨ ਦੇ ਸੰਦਰਭ ਵਿਚ, ਗੈਰ-ਕਾਸ਼ਤ ਵਣ ਪਦਾਰਥ ਬਹੁਤ ਮਹੱਤਵਪੂਰਨ ਸਮੁਦਾਇ ਆਧਾਰਿਤ ਅਨੁਕੂਲ ਰਣਨੀਤੀ ਹੈ। ਵਿਸ਼ਵ-ਵਿਆਪੀਕਰਨ ਅਤੇ ਪਲ-ਪਲ ਬਦਲ ਰਹੇ ਸੰਸਾਰ ਵਿਚ ਜੰਗਲਾਂ ਨੂੰ ਮਨੁੱਖ ਦੁਆਰਾ ਪੈਦਾ ਕੀਤੇ ਹੋਰ ਬੜੇ ਖਤਰੇ ਹਨ। ਜਲਵਾਯੂ ਸੰਕਟ ਦੇ ਇਸ ਦੌਰ ਵਿਚ ਜੰਗਲਾਂ ਨੂੰ ਇਕ ਵਸਤੂ ਦੀ ਤਰ੍ਹਾ ਬਣਾ ਕੇ ਉਹਨਾਂ ਨੂੰ ਸਿਰਫ 'ਕਾਰਬਨ ਸਟਾਕ' ਵਿਚ ਬਦਲ ਦਿੱਤਾ ਜਦੋਂ ਕਿ ਉਹ ਭੋਜਨ ਦੇ ਭੰਡਾਰ ਵੀ ਹਨ। ਉਹਨਾਂ ਦੇ ਵਾਤਾਰਵਰਣੀ ਕੰਮ ਜਿਵੇਂ ਕਿ ਆਕਸੀਜਨ ਨੂੰ ਵਾਤਾਵਰਣ ਵਿਚ ਛੱਡਣਾ, ਬਾਰਿਸ਼ ਲਿਆਉਣਾ, ਭੂਮੀਗਤ ਪਾਣੀ ਨੂੰ ਰੀਚਾਰਜ ਕਰਨਾ, ਭੂਮੀ ਦੀ ਉਪਜਾਊ ਉਪਰੀ ਪਰਤ ਨੂੰ ਬਚਾਉਣਾ, ਸੋਕੇ ਅਤੇ ਹੜ੍ਹ ਨੂੰ ਕਾਬੂ ਕਰਨਾ ਵੀ ਸਥਾਨਕ ਸਮੁਦਾਇਆਂ ਲਈ ਭੋਜਨ ਸੁਰੱਖਿਅਤ ਕਰਨ ਬਾਰੇ ਹੈ। ਜੰਗਲਾਂ ਦੇ ਕਈ ਕੰਮਾਂ ਨੂੰ ਮਾਨਤਾ ਦਿੱਤੇ ਜਾਣਾ ਹਾਲੇ ਬਾਕੀ ਹੈ।

> **ਬਹੁਤ ਸਾਰੇ ਰਾਜਨੀਤਕ ਅਤੇ ਵਿਗਿਆਨਕ ਖੇਤਰਾਂ ਵਿਚ ਖਾਧ ਸੁਰੱਖਿਆ ਅਤੇ ਪੌਸ਼ਟਿਕਤਾ ਨੂੰ ਏਜੰਡੇ ਵਿਚ ਸਭ ਤੋਂ ਉਪਰ ਰੱਖਦਿਆਂ, ਭੋਜਨ ਪੱਖੋਂ ਸੁਰੱਖਿਅਤ ਅਤੇ ਪੋਸ਼ਣ ਪ੍ਰਤਿ ਸੰਵੇਦਨਸ਼ੀਲ ਭਵਿੱਖ ਲਈ ਜੰਗਲਾਂ ਅਤੇ ਰੁੱਖਾਂ ਦੇ ਯੋਗਦਾਨ ਨੂੰ ਸਮਝਣਾ ਮਹੱਤਵਪੂਰਨ ਹੈ।**

ਭਾਰਤ ਦੀਆਂ ਵਣ ਨੀਤੀਆਂ ਨੂੰ ਭੋਜਨ ਸੁਰੱਖਿਆ ਦੇ ਉਦੇਸ਼ਾਂ ਨਾਲ ਮੁੜ ਜੋੜਨ ਦੀ ਜਰੂਰਤ ਹੈ। ਟਿਕਾਊ ਜੰਗਲਾਤ ਪ੍ਰਬੰਧਨ ਨਾ ਸਿਰਫ ਲੱਕੜੀ ਦੇ ਦ੍ਰਿਸ਼ਟੀਕੋਣ ਤੋਂ ਬਲਕਿ ਜੰਗਲਾਂ ਦੇ ਬਹੁ-ਪੱਧਰੀ ਕਾਰਜ ਸਮਰੱਥਾ ਦੇ ਦ੍ਰਿਸ਼ਟੀਕੋਣ ਤੋਂ ਵੀ ਹੋਣਾ ਚਾਹੀਦਾ ਹੈ। ਜੰਗਲਾਂ ਤੱਕ ਆਮ ਲੋਕਾਂ ਦੀ ਪਹੁੰਚ ਅਤੇ ਇਹਨਾਂ ਦੀ ਵਿਭਿੰਨਤਾ ਨੂੰ ਬਣਾ ਕੇ ਰੱਖਣ ਨੂੰ ਪੂਰੀ ਤਰਜੀਹ ਦਿੱਤੇ ਜਾਣ ਦੀ ਜਰੂਰਤ ਹੈ। ਜੰਗਲ ਸੰਸਾਧਨਾਂ ਤਕ ਪਹੁੰਚ ਦੇ ਅਧਿਕਾਰਾਂ, ਖਾਸ ਕਰਕੇ ਔਰਤਾਂ ਦੇ ਲਈ, ਵਿਚ ਸੁਧਾਰ ਖਾਧ ਸੁਰੱਖਿਆ ਦੇ ਲਈ ਜ਼ਿਆਦਾ ਟਿਕਾਊ ਸੰਸਾਧਨ ਪ੍ਰਬੰਧਨ ਲਈ ਸਹਿਯੋਗ ਦੇ ਸਕਦੇ ਹਨ। ਜੰਗਲਾਂ ਨੂੰ ਲੋਕਾਂ ਅਤੇ ਉਹਨਾਂ ਦੇ ਸੱਭਿਆਚਾਰ ਦੇ ਪਾਲਕ ਦੇ ਤੌਰ ਤੇ ਦੇਖਿਆ ਜਾਣਾ ਚਾਹੀਦਾ ਹੈ।

ਜਲਵਾਯੂ ਸੰਕਟ ਦੀ ਰੋਸ਼ਨੀ ਵਿਚ ਗੈਰ-ਕਾਸ਼ਤ ਭੋਜਨ ਨੂੰ ਇਕ ਲੰਮੇ ਸਮੇਂ ਲਈ ਅਨੁਕੂਲ ਰਣਨੀਤੀ ਵਜੋਂ ਉਤਸ਼ਾਹਤ ਕਰਨ ਦੀ ਜਰੂਰਤ ਹੈ। ਐਗਰੋ ਫਾਰੈਸਟਰੀ ਅਤੇ ਟਿਕਾਊ ਖੇਤੀ ਲਈ ਸਥਾਨਕ

ਯਤਨਾਂ, ਜੋ ਕਿ ਰਸਾਇਣਿਕ ਖਾਦਾਂ ਨਾਲ ਮਿੱਟੀ ਨੂੰ ਜ਼ਹਿਰੀਲਾ ਨਹੀ ਬਣਾਉਂਦੇ ਜਾਂ ਖੇਤੀ ਪਰਿਸਥਿਤਕੀ ਨੂੰ ਖਤਰੇ ਵਿਚ ਨਹੀ ਪਾਉਂਦੇ, ਨੂੰ ਪ੍ਰੋਤਸ਼ਾਹਿਤ ਕਰਨ ਦੀ ਜ਼ਰੂਰਤ ਹੈ। ਖੇਤੀ ਵਿਚ ਅਪਣਾਈਆਂ ਜਾਣ ਵਾਲੀਆਂ ਇਹਨਾਂ ਤਕਨੀਕਾਂ ਦਾ ਜੰਗਲ ਦੀ ਜੈਵ ਵਿਭਿੰਨਤਾ ਨੂੰ ਬਚਾਉਣ ਲਈ ਵੀ ਮਹੱਤਵ ਹੈ (ਉਦਾਹਰਣ ਲਈ, ਖੇਤੀ ਵਿਚ ਰਸਾਇਣਾਂ ਦੇ ਇਸਤੇਮਾਲ ਕਰਕੇ ਮਧੂਮੱਖੀਆਂ ਦੀ ਆਬਾਦੀ ਵਿਚ ਕਮੀ ਆਈ ਹੈ)।

ਬਹੁਤ ਸਾਰੇ ਰਾਜਨੀਤਕ ਅਤੇ ਵਿਗਿਆਨਕ ਖੇਤਰਾਂ ਵਿਚ ਖਾਧ ਸੁਰੱਖਿਆ ਅਤੇ ਪੌਸ਼ਟਿਕਤਾ ਨੂੰ ਏਜੰਡੇ ਵਿਚ ਸਭ ਤੋਂ ਉਪਰ ਰੱਖਦਿਆਂ, ਭੋਜਨ ਪੱਖੋਂ ਸੁਰੱਖਿਅਤ ਅਤੇ ਪੋਸ਼ਣ ਪ੍ਰਤਿ ਸੰਵੇਦਨਸ਼ੀਲ ਭਵਿੱਖ ਲਈ ਜੰਗਲਾਂ ਅਤੇ ਰੁੱਖਾਂ ਦੇ ਯੋਗਦਾਨ ਨੂੰ ਸਮਝਣਾ ਮਹੱਤਵਪੂਰਨ ਹੈ। ਖਾਧ ਸੰਪ੍ਰਭੂਤਾ ਦਾ ਜੇਕਰ ਸਥਾਨਕ ਜੰਗਲ ਆਧਾਰਿਤ ਸਮੁਦਾਇਆਂ ਦੇ ਸੰਗਠਿਤ ਸਿਧਾਂਤ ਦੇ ਰੂਪ ਵਿਚ ਪਾਲਣ ਨਹੀ ਕੀਤਾ ਜਾਂਦਾ ਤਾਂ ਇਹ ਪੂਰੀ ਤਰ੍ਹਾ ਰਾਜ ਦੀ ਪ੍ਰਭੂਸੱਤਾ ਉਪਰ ਅਸਰ ਪਾ ਸਕਦੀ ਹੈ। ਭੋਜਨ ਅਤੇ ਪੋਸ਼ਣ ਬਹੁਤ ਹੀ ਮਹੱਤਵਪੂਰਨ ਹਨ ਇਸ ਲਈ ਇਹਨਾਂ ਨੂੰ ਬਾਜਾਰ ਭਰੋਸੇ ਨਹੀ ਛੱਡਿਆ ਜਾ ਸਕਦਾ। ਏਥੇ ਹੀ ਜੰਗਲ ਆਪਣੀ ਭੂਮਿਕਾ ਨਿਭਾ ਸਕਦੇ ਹਨ ਅਤੇ ਉਹ ਵੀ ਵਿਕੇਂਦ੍ਰੀਕ੍ਰਿਤ ਤਰੀਕੇ ਨਾਲ। ਗੈਰ-ਕਾਸ਼ਤੇ ਭੋਜਨ ਸਿਰਫ ਭੁੱਖ ਸ਼ਾਂਤ ਕਰਨ ਲਈ ਨਹੀ ਹਨ ਬਲਕਿ ਜੰਗਲ ਅਤੇ ਲੋਕਾਂ ਦੇ ਆਪਸੀ ਸੰਬੰਧਾਂ ਨੂੰ ਮਜਬੂਤ ਬਣਾਉਣ ਬਾਰੇ ਵੀ ਹੈ। ◆

**ਸੰਦਰਭ**


ਦੇਬਲ ਦੇਬ , ਕਵਿਤਾ ਕੁਰੁਗੰਟੀ, ਵੀ ਰੁਕਮਣੀ ਰਾਓ ਅਤੇ ਸਾਲੋਮੇ ਯੇਸੂਦਾਸ ਭੋਜਨ ਉਤਪਾਦਕ ਆਵਾਸ ਦੇ ਰੂਪ ਵਿਚ ਜੰਗਲ - ਉੜੀਸਾ ਦੇ ਆਦੀਵਾਸੀਆਂ ਦੀ ਭੋਜਨ ਅਤੇ ਪੋਸ਼ਣ ਸੁਰੱਖਿਆ ਅਤੇ ਗੈਰ-ਕਾਸ਼ਤ ਭੋਜਨ ਦਾ ਵਿਸਤਾਰਪੂਰਵਕ ਅਧਿਐਨ- ਜੁਲਾਈ 2014, ਲਿਵਿੰਗ ਫਾਰਮਜ਼ ਦੁਆਰਾ ਪ੍ਰਕਾਸ਼ਿਤ।

ਐਸ. ਭੁਟਾਨੀ, ਜੰਗਲ, ਸਾਡਾ ਭੋਜਨ, ਨੀਤੀ ਦਾ ਸੰਖੇਪ 2014, ਲਿਵਿੰਗ ਫਾਰਮਜ਼, ਉੜੀਸਾ



**ਦੇਬਜੀਤ ਸਰੰਗੀ**
ਲਿਵਿੰਗ ਫਾਰਮਜ਼
ਪਲਾਟ ਨੰ: 1181/2146, ਰਤਨਾਕਰਬਾਗ-2,
ਟਾਂਕਾਪਾਣੀ ਰੋਡ, ਭੋਬਨੇਸ਼ਵਰ- 751018,
ਮੋ: 0674-2430616, 09938582611
Email ID: livingfarms@gmail.com,
Website: www.vasundharaorissa.org



Valuing un-cultivated foods
LEISA INDIA, Vol-18, No.2, June 2016.


# www.leisaindia.org

A website for learning and sharing experiences on LEISA practices

**Main Features**

- Space to share your LEISA experience.
- A source for LEISA practices followed by farmers.
- An archive of LEISA India magazines—English edition and regional editions (Kannada, Tamil, Hindi, Telugu, Oriya, Punjabi and Marathi)
- Photos and videos on LEISA practices.
- Interesting cases of people following LEISA practices.




Follow us on Facebook: www.facebook.com/Leisaindiamag

Follow us on Twitter: @LeisaIndia

# ਭਾਗੀਦਾਰੀ ਨਾਲ ਗਿਆਨ ਨਿਰਮਾਣ

**ਵਰਾ ਪ੍ਰਸਾਦ ਚਿਤਮ**

ਟਿਕਾਊ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਸਥਾਨਕ ਪੱਧਰ ਤੇ ਪ੍ਰਸੰਗਿਕ ਗਿਆਨ ਨੂੰ ਮੁੱਖਧਾਰਾ ਵਿਚ ਲਿਆਉਣ ਦੇ ਇਕ ਨਵੀਨਤਮ ਯਤਨ ਵਿਚ, ਡੀਡੀਐਸ ਜਮੀਨੀ ਪੱਧਰ ਦੇ ਪੇਸ਼ੇਵਰਾਂ ਦੀ ਸਮਰੱਥਾ ਦਾ ਨਿਰਮਾਣ ਕਰ ਰਿਹਾ ਹੈ। ਇਸ ਪ੍ਰਕ੍ਰਿਆ ਵਿਚ ਇਕ ਨਵਾਂ ਗਿਆਨ ਪੈਦਾ ਕੀਤਾ ਜਾਂਦਾ ਹੈ ਅਤੇ ਉਸਦਾ ਦੂਸਰਿਆਂ ਨਾਲ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਨਾਲ ਹੀ ਸਥਾਨਕ ਪ੍ਰਥਾਵਾਂ ਦਾ ਵਿਗਿਆਨਕ ਆਧਾਰ ਖੋਜਿਆ ਅਤੇ ਸਾਂਝਾ ਕੀਤਾ ਜਾਂਦਾ ਹੈ।

ਵਾਤਾਵਰਣ ਪੱਖੀ ਖੇਤੀ ਪੱਦਤੀਆਂ ਦੇ ਅਮਲ, ਜੈਵ ਵਿਭਿੰਨਤਾ ਆਧਾਰਿਤ ਜੈਵਿਕ ਖੇਤੀ ਅਤੇ ਬਾਹਰੀ ਸਾਧਨਾਂ ਦੇ ਘੱਟ ਇਸਤੇਮਾਲ ਵਾਲੀ ਟਿਕਾਊ ਖੇਤੀ ਨੇ ਪ੍ਰੰਪਰਿਕ ਗਿਆਨ ਨੂੰ ਟਿਕਾਊ ਖੇਤੀ ਲਈ ਇਕ ਮਹੱਤਵਪੂਰਨ ਸ੍ਰੋਤ ਬਣਾ ਦਿੱਤਾ ਹੈ। ਵਿਕਾਸ ਪ੍ਰੈਕਟੀਸ਼ਨਰਾਂ ਅਤੇ ਖੇਤ ਵਿਗਿਆਨੀਆਂ ਵਿਚ ਸਥਾਨਕ ਪ੍ਰਥਾਵਾਂ ਤੇ ਨੇੜਿਉਂ ਨਜਰ ਰੱਖਣ ਅਤੇ ਇਹਨਾਂ ਸੰਸਥਾਵਾਂ ਅਤੇ ਤਕਨਾਲੋਜੀਆਂ ਦੀਆਂ ਤਾਕਤਾਂ ਦੇ ਆਧਾਰ ਤੇ ਨਵੇਂ ਮਾਡਲ ਤਿਆਰ ਕਰਨ ਦੀ ਰੁਚੀ ਵਧ ਰਹੀ ਹੈ। ਅੱਜ, ਇਸ ਗਲੋਬਲ ਪ੍ਰਕ੍ਰਿਆ ਵਿਚ ਪ੍ਰੰਪਰਿਕ ਗਿਆਨ ਪ੍ਰਣਾਲੀਆਂ ਦੇ ਵੱਡੇ ਖਜਾਨੇ ਖੁੱਲ੍ਹੇ ਹਨ।

ਦੱਖਣ ਡਿਵਲਪਮੈਂਟ ਸੁਸਾਇਟੀ (ਡੀਡੀਐਸ) ਦੋ ਦਹਾਕਿਆਂ ਤੋਂ ਜ਼ਿਆਦਾ ਸਮੇਂ ਤੋਂ ਤੇਲੰਗਾਨਾ ਰਾਜ ਦੇ ਮੇਦਕ ਜਿਲ੍ਹੇ ਦੀਆਂ ਗਰੀਬ ਦਲਿਤ ਔਰਤਾਂ ਨਾਲ ਟਿਕਾਊ ਖੇਤੀ ਰਾਹੀ ਇਕ ਸਨਮਾਨਜਨਕ ਜਿੰਦਗੀ ਜਿਉਣ ਦੀਆਂ ਸਮਰੱਥਾਵਾਂ ਦੇ ਨਿਰਮਾਣ ਦਾ ਕੰਮ ਕਰ ਰਹੀ ਹੈ। ਔਰਤਾਂ ਨੂੰ ਆਪਣੇ ਪ੍ਰੰਪਰਿਕ ਗਿਆਨ ਦਾ ਪਾਲਣ ਕਰਨ ਲਈ ਉਤਸ਼ਾਹਿਤ ਕਰਨ ਦੇ ਨਾਲ-ਨਾਲ ਡੀਡੀਐਸ ਨੇ ਪ੍ਰਦਰਸ਼ਨਾਂ ਅਤੇ ਸਿਖਲਾਈਆਂ ਦੁਆਰਾ ਇਸ ਗਿਆਨ ਨੂੰ ਅਪਣਾਉਣ, ਪ੍ਰਦਰਸ਼ਨ ਅਤੇ ਪ੍ਰਸਾਰ ਕਰਨ ਦੇ ਲਈ ਇਸ ਕੀਮਤੀ ਸਥਾਨਕ ਗਿਆਨ ਦਾ ਦਸਤਾਵੇਜ਼ੀਕਰਨ ਵੀ ਕੀਤਾ ਹੈ।

### ਸਥਾਨਕ ਪ੍ਰੰਪਰਿਕ ਗਿਆਨ ਨੂੰ ਮਾਨਤਾ ਦਿਵਾਉਣਾ

ਤਜ਼ਰਬੇਕਾਰ ਕਿਸਾਨਾਂ ਤੋਂ ਪ੍ਰੰਪਰਿਕ ਗਿਆਨ ਲੈ ਕੇ ਅੱਗੇ ਵੰਡਣ ਲਈ ਜੈਵਿਕ ਖੇਤੀ ਬਾਰੇ ਸਥਾਨਕ ਪ੍ਰੰਪਰਿਕ ਗਿਆਨ ਨੂੰ ਇਸ ਖੇਤਰ ਦੇ ਕਿਸਾਨਾਂ (ਪੁਰਸ਼ ਅਤੇ ਮਹਿਲਾ) ਦੀ ਇੰਟਰਵਿਊ ਕਰਕੇ ਇਕੱਠਾ ਕੀਤਾ ਗਿਆ ਅਤੇ ਵਿਗਿਆਨਕ ਕਸੌਟੀ ਤੇ ਵੀ ਇਸਨੂੰ ਪਰਖਿਆ ਗਿਆ। ਡੀਡੀਐਸ ਦੀਆਂ ਮਹਿਲਾ ਕਿਸਾਨਾਂ ਜਿਵੇਂ ਬਿਦਾਕਨੇ ਤੋਂ ਸਮੰਮਾ, ਗੰਗਵਰ ਤੋਂ ਅੰਜੰਮਾ ਅਤੇ ਹੁਮਨਾਪੁਰ ਤੋਂ ਲਕਸ਼ਮਮਾ ਦੇ ਪ੍ਰੰਪਰਿਕ ਗਿਆਨ ਦੀ ਪਛਾਣ ਕੀਤੀ ਗਈ, ਉਸਦਾ ਦਸਤਾਵੇਜ਼ੀਕਰਨ ਕੀਤਾ ਗਿਆ।

ਬਿਦਾਕਨੇ ਪਿੰਡ ਦੀ ਦਲਿਤ ਮਹਿਲਾ ਕਿਸਾਨ ਸਮੰਮਾ ਕੋਲ ਵਾਤਾਵਰਣ ਪੱਖੀ ਖੇਤੀ ਤਰੀਕਿਆਂ ਅਤੇ ਜਲਵਾਯੂ ਅਨੁਕੂਲ ਫਸਲਾਂ ਦੀ ਖੇਤੀ ਬਾਰੇ ਵਿਆਪਕ ਪ੍ਰੰਪਰਿਕ ਗਿਆਨ ਹੈ। ਹੁਮਨਾਪੁਰ ਪਿੰਡ ਦੀ ਪੰਜ ਏਕੜ ਵਾਲੀ ਕਿਸਾਨ ਲਕਸ਼ਮਮਾ ਮਿੱਟੀ ਦੇ ਬਰਤਨਾਂ ਵਿਚ ਸਟੋਰ ਕੀਤਾ 60 ਤੋਂ 70 ਕਿਸਮਾਂ ਵਾਲਾ ਦੁਰਲਭ ਬੀਜ ਬੈਂਕ ਹੈ। ਗੰਗਾਵਰ ਦੀ ਅੰਜੰਮਾ ਨੂੰ ਬੀਜ ਭੰਡਾਰਣ ਦੇ ਤਰੀਕਿਆਂ ਬਾਰੇ ਬਹੁਤ ਗਿਆਨ ਹੈ। ਬਾਕੀਆਂ ਨਾਲ ਸਾਂਝਾ ਕਰਨ ਤੋਂ ਪਹਿਲਾਂ, ਕਿਸਾਨਾਂ ਤੋਂ ਇਕੱਠੇ ਕੀਤੇ ਇਸ ਪ੍ਰੰਪਰਿਕ ਗਿਆਨ ਦੀ ਵਿਗਿਆਨਕ ਵਿਆਖਿਆ ਕੀਤੀ ਗਈ।



**ਅੰਜੰਮਾ ਬੀਜ ਸਾਂਭਣ ਦਾ ਪ੍ਰੰਪਰਿਕ ਤਰੀਕਾ ਦਿਖਾਉਂਦੇ ਹੋਏ**

## ਸਮਰੱਥਾਵਾਂ ਦਾ ਨਿਰਮਾਣ

ਖੇਤੀ ਤਕਨੀਕਾਂ ਅਤੇ ਗਿਆਨ ਨੂੰ ਖੇਤੀ ਸਮੁਦਾਇ ਤਕ ਪਹੁੰਚਾਉਣ ਵਿਚ ਜ਼ਮੀਨੀ ਪੱਧਰ ਤੇ ਕੰਮ ਕਰਨ ਵਾਲੇ ਕਾਰਜਕਰਤਾ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪ੍ਰੰਤੂ ਗੱਲ ਜਦੋ ਵਾਤਾਵਰਨ ਪੱਖੀ ਖੇਤੀ ਤਰੀਕਿਆਂ ਦੀ ਆਉਂਦੀ ਹੈ ਤਾਂ ਤਜ਼ਰਬੇ ਇਹ ਦੱਸਦੇ ਹਨ ਕਿ ਕਿਸਾਨਾਂ ਕੋਲ ਖੁਦ ਦੇ ਕੋਲ ਅਜਿਹੇ ਪ੍ਰੰਪਰਿਕ ਗਿਆਨ ਦਾ ਭੰਡਾਰ ਹੈ ਜੋ ਉਹਨਾਂ ਦੇ ਜੀਵਨ ਪੱਧਰ ਨੂੰ ਸੁਧਾਰ ਸਕੇ, ਪ੍ਰੰਤੂ ਇਹਨਾਂ ਤਰੀਕਿਆਂ ਨੂੰ ਅਪਣਾਉਣ ਦੇ ਲਈ ਜੇ ਕਿਸੇ ਚੀਜ਼ ਦੀ ਲੋੜ ਹੈ ਤਾਂ ਉਹ ਹੈ ਪ੍ਰੇਰਣਾ ਦੀ। ਇਸ ਹਾਲਤ ਵਿਚ, ਜ਼ਮੀਨੀ ਪੱਧਰ ਦੇ ਇਹਨਾਂ ਕਾਰਜਕਰਤਾਵਾਂ ਨੂੰ ਆਪਣੇ ਗਿਆਨ ਨੂੰ ਵਧਾਉਣ ਅਤੇ ਕਿਸਾਨਾਂ ਵਿਚਕਾਰ ਇਸ ਗਿਆਨ ਨੂੰ ਸਾਂਝਾ ਕਰਨ ਦੇ ਲਈ ਇਕ ਮਾਧਿਅਮ ਦੇ ਰੂਪ ਵਿਚ ਕੰਮ ਕਰਨ ਦੇ ਯੋਗ ਬਣਨ ਦੇ ਲਈ ਇਕ ਮੰਚ ਅਤੇ ਸ੍ਰੋਤਾਂ ਦੀ ਜਰੂਰਤ ਹੁੰਦੀ ਹੈ।

ਕਿਸਾਨਾਂ ਵਿਚਕਾਰ ਖੇਤੀ ਦੇ ਵਾਤਾਵਰਣ ਪੱਖੀ ਤਰੀਕਿਆਂ ਦੇ ਗਿਆਨ ਦੇ ਵਟਾਂਦਰੇ ਦੀ ਸਹੂਲਤ ਪ੍ਰਦਾਨ ਕਰਨ ਲਈ ਇਹਨਾਂ ਕਾਰਜਕਰਤਾਵਾਂ ਦੇ ਗਿਆਨ ਨੂੰ ਵਧਾਉਣ ਲਈ ਤੇਲੰਗਾਨਾ ਸੂਬੇ ਵਿਚ ਨਵੰਬਰ 2015 ਵਿਚ ਤਿੰਨ ਦਿਨਾਂ ਵਰਕਸ਼ਾਪ ਰੱਖੀ ਗਈ। ਇਹ ਵਰਕਸ਼ਾਪ 7 ਬੈਚਾਂ ਵਿਚ ਮੇਦਕ ਜਿਲ੍ਹੇ ਦੇ 46 ਮੰਡਲਾਂ ਦੇ ਖੇਤੀ ਐਕਸਟੈਨਸ਼ਨ ਕਾਰਜਕਰਤਾਵਾਂ ਲਈ ਡੀਡੀਐਸ ਕ੍ਰਿਸ਼ੀ ਵਿਗਿਆਨ ਕੇਂਦਰ, ਜ਼ਹੀਰਾਬਾਦ, ਮੇਦਕ ਵਿਖੇ ਰੱਖੀ ਗਈ। ਇਸ ਵਿਚ ਆਤਮਾ (ਐਗਰੀਕਲਚਰ ਤਕਨਾਲੋਜੀ ਮੈਨੇਜਮੈਂਟ ਏਜੰਸੀ) ਦਾ ਸਟਾਫ, ਇੰਦਰਾ ਕ੍ਰਾਂਤੀ ਪਥਮ (ਆਈਕੇਪੀ) ਦੇ ਕੋਆਰਡੀਨੇਟਰ ਅਤੇ ਜਿਲ੍ਹੇ ਵਿਚ ਕਿਸਾਨਾਂ ਨਾਲ ਸਿੱਧੇ ਤੌਰ ਤੇ ਕੰਮ ਕਰਨ ਵਾਲਾ ਐਨ ਜੀ ਓ ਦਾ ਸਟਾਫ ਵੀ ਸ਼ਾਮਲ ਸਨ। ਇਸ ਵਰਕਸ਼ਾਪ ਲਈ ਆਤਮਾ, ਮੇਦਕ ਜਿਲ੍ਹਾ ਵਲੋਂ ਸਹਿਯੋਗ ਦਿੱਤਾ ਗਿਆ।

> **ਤਜ਼ਰਬੇ ਇਹ ਦੱਸਦੇ ਹਨ ਕਿ ਕਿਸਾਨਾਂ ਕੋਲ ਖੁਦ ਦੇ ਕੋਲ ਅਜਿਹੇ ਪ੍ਰੰਪਰਿਕ ਗਿਆਨ ਦਾ ਭੰਡਾਰ ਹੈ ਜੋ ਉਹਨਾਂ ਦੇ ਜੀਵਨ ਪੱਧਰ ਨੂੰ ਸੁਧਾਰ ਸਕੇ**

ਭਾਗੀਦਾਰੀ ਵਾਲੀਆਂ ਤਕਨੀਕਾਂ ਦਾ ਇਸਤੇਮਾਲ ਉਹਨਾਂ ਦੇ ਗਿਆਨ ਨੂੰ ਅਪਡੇਟ ਕਰਨ ਲਈ ਕੀਤਾ ਗਿਆ। ਉਦਾਹਰਣ ਲਈ, ਕੁੱਝ ਪੈਰਾਮੀਟਰਾਂ ਦੇ ਆਧਾਰ ਤੇ ਸਭ ਤੋਂ ਢੁੱਕਵੀਆਂ ਜੈਵਿਕ ਖਾਦਾਂ ਜੋ ਕਿ ਸਸਤੀਆਂ ਅਤੇ ਸਥਾਨਕ ਪੱਧਰ ਤੇ ਉਪਲਬਧ ਹੋਣ, ਦੀ ਪਛਾਣ ਕਰਨ ਲਈ ਭਾਗੀਦਾਰੀ ਟੂਲ ਵਰਤੇ ਗਏ। ਪ੍ਰਤੀਭਾਗੀਆਂ ਨੂੰ ਵੱਖ-ਵੱਖ ਕਿਸਮ ਦੀਆਂ ਖਾਦਾਂ ਨੂੰ ਦਰਜਾ ਦੇਣ ਲਈ ਕਿਹਾ ਗਿਆ। ਇਸ ਕਿਰਿਆ ਨੇ ਇਹ ਸਾਹਮਣੇ ਲਿਆਂਦਾ ਕਿ ਰੂੜੀ ਦੀ ਖਾਦ ਜੋ ਕਿ ਪਿੰਡ ਵਿਚ ਆਸਾਨੀ ਨਾਲ ਉਪਲਬਧ ਹੈ, ਮਿੱਟੀ ਦੀ ਸਿਹਤ ਲਈ ਚੰਗੀ ਹੈ ਪਰ ਇਹ ਪੌਦੇ ਦੀ ਜਰੂਰਤ ਮੁਤਾਬਕ ਪੋਸ਼ਕ ਤੱਤਾਂ ਦੀ ਪੂਰਤੀ ਨਹੀ ਕਰਦੀ ਤੇ ਇਸਨੂੰ 41 ਅੰਕ ਮਿਲੇ।

ਕਈ ਲਾਭ ਦੇਣ ਦੇ ਕਾਰਨ, ਸਥਾਨਕ ਪੱਧਰ ਤੇ ਤਿਆਰ ਕੀਤੇ ਤਰਲ ਬਾਇਓ-ਖਾਦਾਂ ਜਿਵੇਂ ਕਿ ਵਰਮੀਵਾਸ਼, ਪੰਚਗਵਯ, ਜੀਵ ਅੰਮ੍ਰਿਤ ਆਦਿ ਨੂੰ ਸਭ ਤੋਂ ਵਧ 91 ਅੰਕ ਮਿਲੇ। ਦਿਲਚਸਪ ਗੱਲ ਇਹ ਹੈ ਕਿ ਵੱਡੀ ਮਾਤਰਾ ਵਿਚ ਪੌਦਿਆਂ ਨੂੰ ਪੋਸ਼ਕ ਤੱਤਾਂ ਦੀ ਪੂਰਤੀ ਕਰਨ ਦੀ ਸਮਰੱਥਾ ਵਾਲੇ ਰਸਾਇਣਿਕ ਖਾਦਾਂ ਨੂੰ ਸਭ ਤੋਂ ਘੱਟ 19 ਅੰਕ ਮਿਲੇ। ਉਹਨਾਂ ਨੂੰ ਸਭ ਤੋਂ ਘੱਟ ਅੰਕ ਇਸ ਲਈ ਮਿਲੇ ਕਿਉਂਕਿ ਉਹ ਮਹਿੰਗੇ ਸਨ, ਘਰੇਲੂ ਪੱਧਰ ਤੇ ਉਪਲਬਧ ਨਹੀ ਸਨ, ਵਾਤਾਵਰਣ ਪੱਖੀ ਨਹੀ ਹਨ ਅਤੇ ਮਿੱਟੀ ਦੀ ਸਿਹਤ ਸੁਧਾਰਨ ਵਿਚ ਮਦਦ ਨਹੀ ਕਰਦੇ।

### ਬੀਜ ਭੰਡਾਰਣ ਵਿਧੀ

ਗੰਗਾਵਰ ਦੀ ਅੰਜੰਮਾ ਦਾ ਛੋਲਿਆਂ, ਕਣਕ ਜਾਂ ਮਟਰਾਂ ਦਾ ਬੀਜ ਪਭੰਡਾਰਣ ਕਰਨ ਦਾ ਇਕ ਤਰੀਕਾ ਹੈ। ਸਭ ਤੋਂ ਪਹਿਲਾਂ ਬੇਂਤ ਦੀ ਟੋਕਰੀ ਨੂੰ ਗੋਬਰ ਅਤੇ ਮਿੱਟੀ ਦੇ ਮਿਸ਼ਰਣ ਨਾਲ ਸੀਲ ਕੀਤਾ ਜਾਂਦਾ ਹੈ। ਫਿਰ ਛੋਲਿਆਂ ਦੀਆਂ ਫਲੀਆਂ ਨੂੰ ਸਭ ਤੋਂ ਹੇਠਾਂ ਅਤੇ ਉਪਰਲੀ ਪਰਤ ਦੇ ਤੌਰ ਤੇ ਭਰਿਆ ਜਾਂਦਾ ਹੈ ਅਤੇ ਇਸਦੇ ਵਿਚਕਾਰ ਮੁਖ ਬੀਜ ਨੂੰ ਰੱਖਿਆ ਜਾਂਦਾ ਹੈ। ਬਾਅਦ ਵਿਚ ਉਪਰਲੀ ਪਰਤ ਨੂੰ ਨਿੰਮ ਦੇ ਪੱਤਿਆਂ ਨਾਲ ਭਰਿਆ ਜਾਂਦਾ ਹੈ ਅਤੇ ਗੋਬਰ, ਮਿੱਟੀ ਅਤੇ ਸੁਆਹ ਦੇ ਮਿਸ਼ਰਣ ਨਾਲ ਸੀਲ ਕਰ ਦਿੱਤਾ ਜਾਂਦਾ ਹੈ। ਇਹ ਬੀਜਾਂ ਨੂੰ ਖਰਾਬ ਹੋਣ/ਕੀੜਾ ਲੱਗਣ ਕਰਕੇ ਹੋਣ ਵਾਲੇ ਨੁਕਸਾਨ ਤੋਂ ਬਚਾਉਂਦਾ ਹੈ।

ਆਮ ਤੌਰ ਤੇ ਛੋਲਿਆਂ ਦੀਆਂ ਫਲੀਆਂ ਨੂੰ ਪਿੜਨ ਤੋਂ ਬਾਅਦ ਸੁੱਟ ਦਿੱਤਾ ਜਾਂਦਾ ਹੈ ਪਰ ਇਸ ਮਾਮਲੇ ਵਿਚ ਉਹਨਾਂ ਨੂੰ ਬੀਜ ਭੰਡਾਰਣ ਦੇ ਸੁਰੱਖਿਅਤ ਮਾਧਿਅਮ ਮਾਧਿਅਮ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਛੋਲਿਆਂ ਦੀਆਂ ਫਲੀਆਂ ਨੂੰ ਵਰਤਣ ਪਿੱਛੇ ਵਿਗਿਆਨ ਇਹ ਹੈ ਕਿ ਇਹਨਾਂ ਵਿਚ ਮੈਲਿਕ ਐਸਿਡ ਪਾਇਆ ਜਾਂਦਾ ਹੈ ਜੋ ਬੀਜਾਂ ਵਿਚ ਪੈਣ ਵਾਲੇ ਕੀੜਿਆਂ ਵਿਚ ਜਲਨ ਪੈਦਾ ਕਰਦੇ ਹਨ। ਇਸ ਤਰ੍ਹਾ ਕਿਸਾਨਾਂ ਨਾਲ ਸਾਂਝਾ ਕੀਤੇ ਜਾਣ ਵਾਲੇ ਪ੍ਰੰਪਰਿਕ ਗਿਆਨ ਦੀ ਵਿਗਿਆਨਕ ਵਿਆਖਿਆ ਕੀਤੀ ਜਾਂਦੀ ਹੈ।

ਕੁਲ ਮਿਲਾ ਕੇ, 46 ਮੰਡਲਾਂ ਅਤੇ 12 ਡਿਵੀਜ਼ਨਾਂ ਦੇ 205 ਐਕਸਟੈਨ ਸ਼ਨ ਸਟਾਫ ਜਿੰਨਾਂ ਵਿਚ ਸਿਖਰਲੇ ਪੱਧਰ ਦੇ ਖੇਤੀਬਾੜੀ ਵਿਸਥਾਰ ਕਰਮਚਾਰੀਆਂ ਦੇ ਨਾਲ ਜਿਲੇ ਦੇ ਜ਼ਮੀਨੀ ਪੱਧਰ ਦੇ ਐਕਸਟੈਨਸ਼ਨ ਸਟਾਫ ਨੂੰ ਜੈਵਿਕ ਖੇਤੀ ਤਰੀਕਿਆਂ ਦੀ ਸਿਖਲਾਈ ਦਿੱਤੀ ਗਈ।

## ਗਿਆਨ ਨੂੰ ਫੈਲਾਉਣਾ

ਸਿਖਲਾਈ ਪ੍ਰਾਪਤ ਐਕਸਟੈਨਸ਼ਨ ਸਟਾਫ ਨੇ ਕਿਸਾਨਾਂ ਵਿਚਕਾਰ ਜੈਵਿਕ ਖੇਤੀ ਬਾਰੇ ਜਾਣਕਾਰੀ ਫੈਲਾਉਣ ਦੇ ਕੰਮ ਵਿਚ ਹਿੱਸਾ ਲਿਆ। ਅਤੇ ਸਾਂਝੀਆਂ ਕੀਤੀਆਂ ਜੈਵਿਕ ਖੇਤੀ ਤਕਨੀਕਾਂ ਵਿਚ, ਵਰਮੀਵਾਸ਼ ਇਕ ਅਜਿਹੀ ਤਕਨੀਕ ਹੈ ਜਿਸਨੇ ਕਿਸਾਨਾਂ ਦੇ ਧਿਆਨ ਨੂੰ ਪੂਰੀ ਤਰ੍ਹਾਂ ਖਿੱਚਿਆ।

ਜਿਲੇ ਵਿਚ ਖੇਤੀ ਐਕਸਟੈਨਸ਼ਨ ਸਟਾਫ ਦੇ ਗਿਆਨ ਨੂੰ ਮਜਬੂਤ ਕਰਨ ਦੀ ਇਸ ਪਹਿਲ ਨੇ ਜੈਵ ਵਿਭਿੰਨਤਾ ਆਧਾਰਿਤ ਜੈਵਿਕ ਖੇਤੀ ਲਈ ਸੰਸਥਾਨ ਨੂੰ ਕੇਂਦਰੀ ਗਿਆਨ ਕੇਂਦਰ ਦੇ ਰੂਪ ਵਿਚ ਵਿਕਸਿਤ ਕਰ ਦਿੱਤਾ। ਇਹ ਦੂਸਰੇ ਜਿਲਿਆਂ ਦੇ ਕਿਸਾਨਾਂ ਦਾ ਧਿਆਨ ਆਕ੍ਰਸ਼ਿਤ ਕਰ ਰਿਹਾ ਹੈ। ◆

**ਵਰਾ ਪ੍ਰਸਾਦ ਚਿਤਮ**
ਵਿਗਿਆਨਕ-ਖੇਤੀਬਾੜੀ ਐਕਸਟੈਂਸ਼ਨ
ਡੀਡੀਐਸ ਕ੍ਰਿਸ਼ੀ ਵਿਗਿਆਨ ਕੇਂਦਰ, ਜ਼ਹੀਰਾਬਾਦ
ਮੇਦਕ, ਤੇਲੰਗਾਨਾ
ਈਮੇਲ- varachittem@gmail.com

Participatory knowledge building
LEISA INDIA, Vol-18, No.1, March 2016.



ਕਿਸਾਨ ਆਪਣੇ ਮਿਸ਼੍ਰਿਤ ਖੇਤ ਵਿਚ ਉਗਾਈ ਅੱਲ ਦਿਖਾਉਂਦਾ ਹੋਇਆ

# ਫਾਰਮਰ ਫੀਲਡ ਸਕੂਲ ਖੇਤ ਉਪਰ ਗਿਆਨ ਦਾ ਨਿਰਮਾਣ

**ਅਭੀਜੀਤ ਮੋਹੰਤੀ ਅਤੇ ਰਣਜੀਤ ਸਾਹੂ**

ਫਾਰਮਰ ਫੀਲਡ ਸਕੂਲ ਕਿਸਾਨਾਂ ਅਤੇ ਰਿਸੋਰਸ ਪਰਸਨਜ਼ ਵਿਚਕਾਰ ਦੁਤਰਫੀ ਸਿਖਲਾਈ ਲਈ ਇਕ ਮੰਚ ਦੇ ਰੂਪ ਵਿਚ ਕੰਮ ਕਰਦੇ ਹਨ। ਗੱਲਬਾਤ, ਵਿਚਾਰ-ਵਟਾਂਦਰੇ ਅਤੇ ਟ੍ਰੇਨਿੰਗ ਪ੍ਰੰਪਰਿਕ ਗਿਆਨ ਨੂੰ ਬਹਾਲ ਕਰਨ ਅਤੇ ਬਣਾਏ ਰੱਖਣ ਦਾ ਮੌਕਾ ਪ੍ਰਦਾਨ ਕਰਦੇ ਹਨ ਜਦੋਂਕਿ ਆਧੁਨਿਕ ਵਿਗਿਆਨ ਦੁਆਰਾ ਇਸ ਵਿਚ ਸੁਧਾਰ ਕੀਤਾ ਜਾਂਦਾ ਹੈ।

ਭਾਰਤ ਦੇ ਉੜੀਸਾ ਰਾਜ ਦੇ ਦੱਖਣੀ ਜਿਲਿਆਂ ਵਿਚ ਜ਼ਿਆਦਾਤਰ ਵਰਖਾ ਆਧਾਰਿਤ ਪਹਾੜੀ ਜ਼ਮੀਨਾਂ ਹਨ ਜਿੱਥੇ ਔਸਤਨ ਸਾਲਾਨਾ 1200-1400 ਮਿ.ਮੀ. ਹੁੰਦੀ ਹੈ। ਇਹਨਾਂ ਖੇਤਰਾਂ ਵਿਚ ਆਦੀਵਾਸੀ ਸਮੁਦਾਇ ਜੰਗਲ ਆਧਾਰਿਤ ਆਜੀਵਿਕਾ ਅਤੇ ਖਾਧ ਫਸਲਾਂ ਜਿਵੇਂ ਪ੍ਰੰਪਰਿਕ ਮੂਲ ਅਨਾਜ, ਦਾਲਾਂ, ਅਨਾਜ ਅਤੇ ਤੇਲ ਬੀਜ ਦੀ ਝੂਮ ਖੇਤੀ ਉਪਰ ਨਿਰਭਰ ਕਰਦੇ ਹਨ। ਪਰ ਪਿਛਲੇ ਦੋ ਦਹਾਕਿਆਂ ਵਿਚ ਵੱਖ-ਵੱਖ ਵਪਾਰਕ ਉਦੇਸ਼ਾਂ ਲਈ ਜੰਗਲਾਂ ਦੀ ਵਿਆਪਕ ਤਬਾਹੀ ਨੇ ਇਹਨਾਂ ਸਮੁਦਾਇਆਂ ਦੀ ਰੋਜ਼ੀ-ਰੋਟੀ ਨੂੰ ਪ੍ਰਭਾਵਿਤ ਕੀਤਾ ਹੈ। ਝੂਮ ਖੇਤੀ ਕਰਨ ਕਰਕੇ ਅਤੇ ਵਰਖਾ ਦੇ ਬਦਲਦੇ ਪੈਟਰਨ ਕਰਕੇ ਮਿੱਟੀ ਦਾ ਖੋਰ ਵਧ ਗਿਆ ਹੈ ਅਤੇ ਹੇਠਲੀਆਂ ਜ਼ਮੀਨਾਂ ਵਿਚ ਗਾਦ ਭਰਨੀ ਸ਼ੁਰੂ ਹੋ ਗਈ ਹੈ।

ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਹੱਦੋਂ ਵਧ ਵਰਤੋਂ ਨੇ ਮਿੱਟੀ ਦੀ ਕੁਦਰਤੀ ਉਪਜਾਊ ਸ਼ਕਤੀ ਨੂੰ ਘਟਾ ਦਿੱਤਾ ਹੈ ਅਤੇ ਖੇਤੀ ਲਾਗਤ ਨੂੰ ਵਧਾ ਦਿੱਤਾ ਹੈ। ਕਿਸਾਨ ਕਰਜ਼ ਦੇ ਚੱਕਰ ਵਿਚ ਫਸ ਜਾਂਦੇ ਹਨ ਖਾਸ ਕਰਕੇ ਜਦੋਂ ਉਹਨਾਂ ਦੀ ਫਸਲ ਫੇਲ ਹੋ ਜਾਂਦੀ ਹੈ। ਸਥਿਤੀ ਨੂੰ ਹੋਰ ਬਦਤਰ ਕਰਨ ਲਈ, ਇਹਨਾਂ ਖੇਤਰਾਂ ਵਿਚ ਸਰਕਾਰ ਦੁਆਰਾ ਸ਼ੁਰੂ ਕੀਤੀਆਂ ਗਈਆਂ ਜ਼ਿਆਦਾਤਰ ਖੇਤੀ ਵਿਕਾਸ ਪਰਿਯੋਜਨਾਵਾਂ ਵਿਚ ਸਥਾਨਕ ਖਾਧ ਫਸਲਾਂ ਦੀ ਜਗ੍ਹਾ ਨਕਦੀ ਫਸਲਾਂ ਨੂੰ ਪ੍ਰੋਤਸ਼ਾਹਿਤ ਕੀਤਾ ਜਾਂਦਾ ਹੈ - ਇਸ ਗੱਲ ਦੀ ਅਣਦੇਖੀ ਕਰਦਿਆਂ ਕਿ ਖਾਧ ਫਸਲਾਂ ਨਾ

ਸਿਰਫ ਸਥਾਨਕ ਅਰਥਵਿਵਸਥਾ ਨੂੰ ਮਜਬੂਤ ਕਰਦੀਆਂ ਹਨ ਬਲਕਿ ਸਮੁਦਾਇ ਦੀਆਂ ਭੋਜਨ ਅਤੇ ਪੋਸ਼ਣ ਸੰਬੰਧੀ ਜਰੂਰਤਾਂ ਨੂੰ ਵੀ ਪੂਰਾ ਕਰਦੀਆਂ ਹਨ। ਹਾਈਬ੍ਰਿਡ ਬੀਜਾਂ ਅਤੇ ਏਕਲ ਫਸਲ ਦੇ ਪਸਾਰ ਕਾਰਨ ਖੇਤੀ ਅਤੇ ਬੀਜਾਂ ਸੰਬੰਧੀ ਪ੍ਰੰਪਰਿਕ ਗਿਆਨ ਖਤਮ ਹੋਣ ਕੰਢੇ ਹੈ।

**ਸਫ਼ਰ**

ਅਗਰਗਾਮੀ, ਉੜੀਸਾ ਦੇ ਆਦੀਵਾਸੀ ਅਤੇ ਹੋਰ ਪੱਛੜੇ ਸਮੁਦਾਇਆਂ ਦੇ ਵਿਕਾਸ ਲਈ ਵਚਨਬੱਧ ਇੱਕ ਜ਼ਮੀਨੀ ਸੰਸਥਾ ਸਮੁਦਾਇਆਂ ਦੀ ਰੋਜ਼ੀ-ਰੋਟੀ, ਭੋਜਨ ਅਤੇ ਪੋਸ਼ਣ ਸੁਰੱਖਿਆ ਅਤੇ ਜੈਵ ਵਿਭਿੰਨਤਾ ਦੀ ਸੰਭਾਲ ਨੂੰ ਯਕੀਨੀ ਬਣਾਉਣ ਲਈ ਐਗਰੋ-ਈਕੋਲੋਜੀ ਮਾਡਲ ਨੂੰ ਪ੍ਰੋਤਸ਼ਾਹਿਤ ਕਰ ਰਹੀ ਹੈ। ਇਹ ਕਾਸ਼ੀਪੁਰ ਅਤੇ ਥੁਮੂਲਮਪੁਰ ਦੇ ਦੋ ਬਲਾਕਾਂ ਵਿਚ ਫਾਰਮਰ ਫੀਲਡ ਸਕੂਲ ਜਿਹੀਆਂ ਗਿਆਨ ਨੂੰ ਵਧਾਉਣ ਵਾਲੀਆਂ ਪ੍ਰਕ੍ਰਿਆਵਾਂ ਰਾਹੀ ਕਿਸਾਨਾਂ ਨਾਲ ਕੰਮ ਕਰ ਰਹੀ ਹੈ।

ਕਿਸਾਨਾਂ ਨਾਲ ਲੜੀਵਾਰ ਮੀਟਿੰਗਾਂ ਕੀਤੀਆਂ ਗਈਆਂ ਜਿੰਨਾਂ ਵਿਚ ਖੇਤੀ ਦੇ ਗੰਭੀਰ ਮੁੱਦਿਆਂ ਦੀ ਪਛਾਣ ਕੀਤੀ ਗਈ ਅਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਕਾਮਯਾਬ ਐਗਰੋ-ਈਕੋਲੋਜੀ ਮਾਡਲਾਂ ਉਪਰ ਆਧਾਰਿਤ ਕਈ ਡਾਕੂਮੈਂਟਰੀਆਂ ਅਤੇ ਐਕਸਪੋਜ਼ਰ ਵਿਜ਼ਿਟੋ ਰਾਹੀ ਉਹਨਾਂ ਨੂੰ ਪਹਿਲਾ ਤਜ਼ਰਬਾ ਮਿਲਿਆ, ਆਪਸੀ ਸੰਬੰਧਾਂ ਨੂੰ ਪ੍ਰੋਤਸ਼ਾਹਿਤ ਕੀਤਾ ਅਤੇ ਕਿਸਾਨਾਂ ਵਿਚਕਾਰ ਅੰਤਰ-ਕੌਮੀ ਸਿਖਲਾਈ ਲਈ ਪ੍ਰੇਰਣਾ ਦਿੱਤੀ। ਇਹਨਾਂ ਪ੍ਰੋਗਰਾਮਾਂ ਕਰਕੇ ਦੇਸੀ ਬੀਜਾਂ, ਖੇਤੀ ਤਰੀਕਿਆਂ, ਭੋਜਨ ਵਿਭਿੰਨਤਾ ਅਤੇ ਸੱਭਿਆਚਾਰਕ ਪ੍ਰਥਾਵਾਂ ਬਾਰੇ ਜਾਣਕਾਰੀ ਅਤੇ ਵਿਚਾਰ-ਵਟਾਂਦਰੇ ਵਿਚ ਵਾਧਾ ਹੁੰਦਾ ਗਿਆ।

**ਫੀਲਡ ਸਕੂਲਾਂ ਵਿਚ ਗਿਆਨ ਦਾ ਨਿਰਮਾਣ**

ਪਿੰਡ ਪੱਧਰ ਤੇ ਸਥਾਪਤ ਫਾਰਮਰਜ਼ ਫੀਲਡ ਸਕੂਲ ਗਿਆਨ ਨਿਰਮਾਣ ਅਤੇ ਖੇਤੀ ਵਿਗਿਆਨ ਬਾਰੇ ਜਾਣਕਾਰੀਆਂ ਸਾਂਝਾ ਕਰਨ ਲਈ ਇਕ ਮੰਚ ਪ੍ਰਦਾਨ ਕਰਦੇ ਹਨ ਜਿੱਥੇ 4-7 ਗਵਾਂਢੀ ਪਿੰਡਾਂ ਦੇ ਕਿਸਾਨ ਮਿਲਦੇ ਹਨ, ਗੱਲਤਬਾਤ ਕਰਦੇ ਹਨ ਅਤੇ ਸਥਾਂਨਕ ਹੱਲ ਲੱਭਦੇ ਹਨ। ਉਹ ਕਈ ਵਿਸ਼ਿਆਂ ਜਿਵੇਂ ਜੈਵ ਵਿਭਿੰਨਤਾ ਨੂੰ ਸੰਭਾਲਦਿਆਂ ਮਿੱਟੀ, ਪਾਣੀ ਅਤੇ ਪੋਸ਼ਣ ਪ੍ਰਬੰਧਨ ਦੇ ਪ੍ਰੰਪਰਿਕ ਤਰੀਕੇ, ਬੀਜਾਂ ਦੀਆਂ ਕਿਸਮਾਂ, ਫਸਲਾਂ ਦੀ ਬਿਜਾਈ, ਕੀਟ ਕੰਟਰੋਲ, ਚਰਾਗਾਹ ਅਤੇ ਚਾਰਾ ਪ੍ਰਬੰਧਨ ਆਦਿ ਬਾਰੇ ਪ੍ਰੈਕਟੀਕਲ ਸਿਖਲਾਈ ਦੁਆਰਾ ਸਿੱਖਦੇ ਹਨ।

ਕਿਸਾਨਾਂ ਦੇ ਨਾਲ ਗੱਲ ਕਰਕੇ, ਕਈ ਪ੍ਰੰਪਰਿਕ ਪ੍ਰਥਾਵਾਂ ਦਾ ਦਸਤਾਵੇਜ਼ੀਕਰਨ ਕੀਤਾ ਗਿਆ ਹੈ। ਇਹ ਫੀਲਡ ਸਕੂਲਾਂ ਦੌਰਾਨ ਕਿਸਾਨਾਂ ਵੱਲੋਂ ਕੀਤੇ ਗਏ ਪਰੀਖਣਾਂ ਦੀ ਲੜੀ ਦੁਆਰਾ ਪ੍ਰਮਾਣਿਤ ਕੀਤੇ



**ਮਿਸ਼੍ਰਿਤ ਖੇਤੀ ਰਾਹੀਂ ਪ੍ਰੰਪਰਿਕ ਮੂਲ ਅਨਾਜਾਂ ਨੂੰ ਬਹਾਲ ਕਰਨਾ**

ਗਏ ਹਨ। ਕਿਸਾਨਾਂ ਨੇ ਨਤੀਜੇ ਵੇਖੇ ਅਤੇ ਇਹਨਾਂ ਵਿਚ ਕੁੱਝ ਸੁਧਾਰ ਕਰਕੇ ਆਪਣੇ ਖੇਤਾਂ ਵਿਚ ਅਪਣਾਉਣ ਲਈ ਤਿਆਰ ਹੋ ਗਏ। ਉਦਾਹਰਨ ਲਈ, ਅਨਾਜ ਨੂੰ ਭੰਡਾਰਨ ਕਰਨ ਵੇਲੇ ਉਸ ਵਿਚ ਨਿੰਮ ਦੇ ਪੱਤੇ ਮਿਲਾਉਣ ਦੇ ਪ੍ਰੰਪਰਿਕ ਤਰੀਕੇ ਵਿਚ ਫੀਲਡ ਸਕੂਲ ਦੌਰਾਨ ਬਦਲਾਅ ਕੀਤਾ ਗਿਆ ਅਤੇ ਇਸ ਵਿੱਚ ਕਰੰਜ ਅਤੇ ਅਮਾਰੀ ਦੇ ਪੱਤੇ ਵੀ ਫੰਗਸ ਅਤੇ ਕੀੜੀਆਂ ਤੋਂ ਬਚਾਉਣ ਲਈ ਪਾਏ ਗਏ ਅਤੇ ਨਤੀਜੇ ਵਜੋਂ ਭੰਡਾਰਣ ਵਧੀਆ ਅਤੇ ਲੰਬੇ ਸਮੇਂ ਲਈ ਕੀਤਾ ਜਾ ਸਕਿਆ। ਸੂਚਨਾ ਪ੍ਰਵਾਹ ਦੇ ਇਸ ਜਟਿਲ ਪ੍ਰਕ੍ਰਿਆ ਨੂੰ ਚਿਤਰ 1 ਵਿਚ ਦਿਖਾਇਆ ਗਿਆ ਹੈ ਜਿੱਥੇ ਸਿਖਲਾਈ ਗਿਆਨ ਅਤੇ ਜਾਣਕਾਰੀ ਦਾ ਬਹੁ-ਦਿਸ਼ਾਵੀ ਪ੍ਰਵਾਹ ਹੈ।

ਇਹਨਾਂ ਯੁਗਾਂ ਪੁਰਾਣੀਆਂ ਕਿਸਮਾਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਨੂੰ ਅਨੁਭਵ ਕਰਦਿਆਂ, ਕਿਸਾਨਾਂ ਦੁਆਰਾ ਕੁੱਝ ਚੋਣਵੀਆਂ ਫਸਲਾਂ ਜਿਵੇਂ ਝੋਨਾ, ਮੂਲ ਅਨਾਜ ਅਤੇ ਕੁੱਝ ਸਬਜੀਆਂ ਦੇ ਫੀਲਡ ਟ੍ਰਾਇਲ ਕੀਤੇ ਗਏ। ਕਿਸਾਨ ਟ੍ਰਾਇਲਾਂ ਲਈ ਆਦਰਸ਼ ਸਥਾਨ ਦੀ ਚੋਣ ਰਾਹੀ, ਪਰਿਸਥਿਤਿਕ ਮੈਪਿੰਗ ਦੀ ਵਰਤੋਂ ਕਰਕੇ ਅਤੇ ਉਨਤ ਲਾਈਨਾਂ ਦੀ ਚੋਣ ਕਰਕੇ ਕਈ ਪ੍ਰਜਾਤੀਆਂ, ਜੋ ਖਤਮ ਹੋਣ ਕੰਢੇ ਸਨ, ਦੇ ਬੀਜਾਂ ਨੂੰ ਕਈ ਗੁਣਾ ਵਧਾਉਣ ਦੀ ਪ੍ਰਕ੍ਰਿਆ ਵਿਚ ਸ਼ਾਮਲ ਹੋਏ ।

ਕਿਸਾਨ ਮੇਲਿਆਂ ਦੌਰਾਨ ਐਗਰੋ-ਈਕੋਲੋਜੀਕਲ ਅਨੁਭਵਾਂ ਬਾਰੇ ਗਿਆਨ ਦੇ ਆਦਾਨ-ਪ੍ਰਦਾਨ ਨੇ ਵਿਭਿੰਨ ਸਮੱਸਿਆਵਾਂ ਦਾ ਵਿਵਸਥਿਤ ਵਿਸ਼ਲੇਸ਼ਣ ਲਿਆਂਦਾ ਜੋ ਕਿ ਕੁੱਝ ਵਰਗਾਂ ਦੇ ਕਿਸਾਨਾਂ ਨੂੰ ਪ੍ਰੇਸ਼ਾਨ ਕਰਦੀਆਂ ਸਨ। ਗਿਆਨ ਦੇ ਇਸ ਆਦਾਨ-ਪ੍ਰਦਾਨ ਨੇ ਵਿਗਿਆਨੀਆਂ ਦੀ ਸਫਲਤਾ ਅਤੇ ਅਸਫਲਤਾ ਦੇ ਕਾਰਕਾਂ ਨੂੰ ਸਮਝਣ ਵਿਚ ਮਦਦ ਕੀਤੀ। ਬਦਲੇ ਵਿਚ, ਉਹਨਾਂ ਨੇ ਫੀਲਡ ਟ੍ਰਾਇਲਾਂ ਵਿਚ ਸੁਧਾਰ ਕੀਤੇ ਜੋ ਕਿ ਹੁਣ ਸਥਾਨਕ ਸੰਸਾਧਨਾਂ ਦੀ ਉਪਲਬਧਤਾ, ਕਿਸਾਨ ਦੀ ਯੋਗਤਾ ਅਤੇ ਉਸਦੇ ਆਰਥਿਕ ਪੱਧਰ ਉਪਰ ਆਧਾਰਿਤ ਸਨ।

**ਭੂਮੀ -ਤੋਂ -ਪ੍ਰਯੋਗਸ਼ਾਲਾ-ਤੋਂ-ਭੂਮੀ ਦੀ ਧਾਰਨਾ ਕੇਵਲ ਉਦੋਂ ਹੀ ਸੰਭਵ ਹੋ ਸਕਦੀ ਹੈ ਜਦ ਕਿਸਾਨ ਅਤੇ ਵਿਗਿਆਨਕ ਇਕੱਠੇ ਕੰਮ ਕਰਦੇ ਹਨ**

ਮਾਟੀਧਾਨ, ਬੋਧੀਧਾਨ, ਪ੍ਰਧਾਨ ਅਤੇ ਟੀਪਾਧਾਨ ਜਿਹੀਆਂ ਉਚੀਆਂ ਜ਼ਮੀਨਾਂ ਵਾਲੀਆਂ ਝੋਨੇ ਦੀਆਂ ਕਿਸਮਾਂ ਦੇ ਨਾਲ ਕੀਤੇ ਗਏ 150 ਫੀਲਡ ਟ੍ਰਾਇਲਾਂ ਵਿਚ ਮਾਟੀਧਾਨ ਉਚ ਝਾੜ, ਘੱਟ ਅਵਧੀ, ਕੀਟ ਅਤੇ ਰੋਗ ਪ੍ਰਤੀਰੋਧਕ ਸ਼ਕਤੀ ਦੇ ਮਾਮਲੇ ਵਿਚ ਮਾਮਲੇ ਵਿਚ ਦੂਸਰੀਆਂ ਕਿਸਮਾਂ ਨਾਲੋਂ ਸਭ ਤੋਂ ਸ੍ਰੇਸ਼ਠ ਪਾਇਆ ਗਿਆ। ਨਾਲ ਹੀ, ਅਰਹਰ ਨਾਲ ਇਸਦਾ ਸੁਮੇਲ ਬਾਕੀ ਸੁਮੇਲਾਂ ਦੇ ਮੁਕਾਬਲੇ ਉੱਤਮ ਸੀ। ਕਿਸਾਨਾਂ ਨੇ ਇਹ ਵੀ ਪਾਇਆ ਕਿ ਸਬਜ਼ੀਆਂ ਦੀ ਮਿਸ਼੍ਰਿਤ ਖੇਤੀ ਵਿਚ, ਟਮਾਟਰ, ਬੈਂਗਣ, ਸ਼ਿਮਲਾ ਮਿਰਚ ਆਦਿ ਪੌਦਿਆਂ ਵਾਲੀਆਂ ਸਬਜ਼ੀਆਂ ਦੇ ਨਾਲ ਫਲੀਦਾਰ ਲਗਾਉਣਾ ਸਹੀ ਹੈ। ਮੱਕੀ ਅਤੇ ਦਾਲਾਂ ਦੀ ਫਸਲ ਦੇ ਸੁਮੇਲ ਵਿਚ, ਬਚੀ ਹੋਈ ਨਮੀ ਨਾਲ ਸਰ੍ਹੋਂ ਦੀ ਫਸਲ ਲੈਣ ਵਿਚ ਕਾਮਯਾਬ ਹੋਏ। ਵਿਗਿਆਨਕਾਂ ਨੇ ਵੀ ਇਹ ਸਿੱਖਿਆ ਕਿ ਕਿਸਾਨਾਂ ਨੂੰ ਫੀਲਡ ਟ੍ਰਾਇਲਾਂ ਵਿਚ ਸ਼ਾਮਲ ਕਰਨ ਨਾਲ ਕਿਸਾਨਾਂ ਨੂੰ ਵਧੀਆ ਕਿਸਮਾਂ ਨੂੰ ਅਪਣਾਉਣ ਅਤੇ ਕਾਮਯਾਬ ਫਸਲ ਸੁਮੇਲ ਅਪਣਾਉਣ ਵਿਚ ਸਹਾਇਤਾ ਮਿਲੀ।

ਕਿਉਂਕਿ ਔਰਤਾਂ ਕੋਲ ਬੀਜਾਂ ਨੂੰ ਸੰਭਾਲ ਕੇ ਰੱਖਣ ਦਾ ਗਿਆਨ ਹੈ, ਉਹਨਾਂ ਨੂੰ 15 ਪਿੰਡਾਂ ਵਿਚ ਅਨਾਜ-ਕਮ-ਬੀਜ ਬੈਂਕ ਸਥਾਪਤ ਕਰਨ ਵਿਚ ਸ਼ਾਮਲ ਕੀਤਾ ਗਿਆ। ਔਰਤਾਂ ਇਹਨਾਂ ਬੈਂਕਾਂ ਦਾ ਪ੍ਰਬੰਧਨ ਕਰਦੀਆਂ ਹਨ, ਬੀਜਾਂ ਦੀ ਮਾਤਰਾ ਨਿਸ਼ਚਿਤ ਕਰਦੀਆਂ ਹਨ ਅਤੇ ਸਟੋਰ ਕੀਤੀਆਂ ਜਾਣ ਵਾਲੀਆਂ ਕਿਸਮਾਂ ਦੀ ਚੋਣ ਕਰਦੀਆਂ ਹਨ, ਨਤੀਜੇ ਵਜੋਂ ਝੋਨੇ, ਦਾਲਾਂ, ਮੂਲ ਅਨਾਜਾਂ, ਕੰਦ ਅਤੇ ਸਬਜ਼ੀਆਂ ਦੀਆਂ ਕਿਸਮਾਂ ਦੀ ਸੰਭਾਲ ਕੀਤੀ ਜਾਂਦੀ ਹੈ। ਇਹਨਾਂ ਬੀਜ ਬੈਂਕਾਂ ਨੂੰ ਪਲਾਂਟ ਬ੍ਰੀਡਿੰਗ ਸੰਸਥਾਨਾਂ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਚਲ ਰਹੀਆਂ ਹਨ।

### ਕਿਸਾਨਾਂ ਦੇ ਲਈ ਨਵੀਂ ਸਿੱਖਿਆ

ਕਿਸਾਨਾਂ ਨੇ ਇਹ ਸਿੱਖਿਆ ਕਿ ਮੋਨੋਕਲਚਰ ਵਿਚ ਕੀਟਾਂ ਅਤੇ ਰੋਗਾਂ ਦਾ ਜ਼ਿਆਦਾ ਹਮਲਾ ਹੁੰਦਾ ਹੈ ਕਿਉਂਕਿ ਉਸ ਵਿਚ ਉਹਨਾਂ ਲਈ ਬਹੁਤ ਭੋਜਨ ਹੁੰਦਾ ਹੈ ਅਤੇ ਉਹਨਾਂ ਦੇ ਕੁਦਰਤੀ ਦੁਸ਼ਮਨ ਘੱਟ ਜਾਂ ਬਿਲਕੁਲ ਵੀ ਨਹੀਂ ਹੁੰਦੇ। ਉਹਨਾਂ ਨੇ ਫਸਲੀ ਵਿਭਿੰਨਤਾ ਬਾਰੇ ਅਤੇ ਕੀਟਾਂ ਤੋਂ ਬਚਾਅ ਲਈ ਕੁੱਝ ਖਾਸ ਫਸਲਾਂ ਨੂੰ ਸ਼ਾਮਲ ਕਰਨ ਦੇ ਮਹੱਤਵ ਬਾਰੇ ਜਾਣਿਆ।

ਅਗਰਗਾਮੀ ਨਾਲ ਜੁੜੇ ਬਾਗਬਾਨੀ ਮਾਹਿਰ ਡਾ. ਦੇਬੇਸ਼ ਪ੍ਰਸਾਦ ਪਾਧੀ ਅਨੁਸਾਰ, "ਘਰੇਲੂ ਅਤੇ ਜੰਗਲੀ ਘਾਹ ਤਣਾ ਛੇਦਕਾਂ ਨੂੰ ਆਕ੍ਰਸ਼ਿਤ ਕਰਕੇ ਆਪਣੇ ਜਾਲ ਵਿਚ ਫਸਾ ਕੇ ਫਸਲਾਂ ਦੀ ਰੱਖਿਆ ਕਰਨ ਵਿਚ ਕਾਫੀ ਮਦਦ ਕਰਦੇ ਹਨ।" ਮੱਕੀ/ਜਵਾਰ ਦੀਆਂ ਲਾਈਨਾਂ ਵਿਚਕਾਰ ਦੀਰਘਮੂਲੀ ਜਿਹੇ ਪੌਦਿਆਂ ਨੂੰ ਸ਼ਾਮਲ ਕਰਕੇ ਦੀਰਘਮੂਲੀ ਦੁਆਰਾ ਪੈਦਾ ਕੀਤੇ ਰਸਾਇਣ ਦੇ ਕਾਰਨ ਤਣਾ ਛੇਦਕ ਨੂੰ ਦੂਰ ਰੱਖਿਆ ਜਾ ਸਕੇਗਾ। ਵਿਗਿਆਨਕਾਂ ਨੂੰ ਅਹਿਸਾਸ ਹੋਇਆ ਕਿ ਇਕ ਵਿਗਿਆਨਕ ਸਪੱਸ਼ਟੀਕਰਨ ਨੇ ਕਿਸਾਨਾਂ ਨੂੰ ਸਹੀ ਤਰੀਕਿਆਂ ਨੂੰ ਅਪਣਾਉਣ ਲਈ ਤਿਆਰ ਕੀਤਾ। ਕਿਸਾਨਾਂ ਨੂੰ ਵਿਭਿੰਨ ਲਾਭਕਾਰੀ ਕੀਟਾਂ ਬਾਰੇ ਅਤੇ ਪਰਾਗਣ ਦੁਆਰਾ ਅਤੇ ਕੀੜਿਆਂ ਦੇ ਹਮਲੇ ਨੂੰ ਕੰਟਰੋਲ ਕਰਕੇ ਫਸਲ ਉਤਪਾਦਨ ਵਿਚ ਉਹਨਾਂ ਦੀ ਭੂਮਿਕਾ ਬਾਰੇ ਸਿਖਲਾਈ ਦਿੱਤੀ ਗਈ। ਉਦਾਹਰਣ ਦੇ ਲਈ, ਕਿਸਾਨ ਆਪਣੇ ਖੇਤਾਂ ਵਿਚ ਲੇਡੀ ਬਰਡ ਬੀਟਲਜ਼ ਨੂੰ ਦੇਖ ਕੇ ਬੜੇ ਖੁਸ਼ ਹੋਏ ਜੋ ਚੇਪੇ, ਸਫੇਦ ਮੱਖੀ, ਜੂੰ ਅਤੇ ਸਕੇਲ ਗੀਟ ਵਰਗੇ ਨਰਮ ਕੀਟਾਂ ਨੂੰ ਆਪਣਾ ਭੋਜਨ ਬਣਾਉਂਦੀਆਂ ਹਨ ਅਤੇ ਫਸਲਾਂ ਦੇ ਨੁਕਸਾਨ ਨੂੰ ਰੋਕਦੀਆਂ ਹਨ।

ਇਸੇ ਤਰ੍ਹਾਂ, ਕਿਸਾਨਾਂ, ਜਿੰਨਾਂ ਨੇ ਮੱਕੀ ਅਤੇ ਦਾਲਾਂ ਦੀ ਫਸਲ ਤੋਂ ਬਾਅਦ ਬਚੀ ਨਮੀ ਨਾਲ ਸਰ੍ਹੋਂ ਦੀ ਫਸਲ ਦਾ ਉਤਪਾਦਨ ਲਿਆ, ਨੂੰ ਇਸਦਾ ਲਾਭ ਮਿਲਿਆ। ਦੂਸਰੇ ਪਾਸੇ, ਵਿਗਿਆਨਕਾਂ ਨੇ ਕਿਸਾਨਾਂ ਦੀ ਫੈਸਲਾ ਲੈਣ ਦੀ ਪ੍ਰਕ੍ਰਿਆ ਨੂੰ ਸਿੱਖਿਆ ਜੋ ਕਿ ਜਰੂਰਤ ਅਤੇ ਮੌਜੂਦਾ ਬਾਜ਼ਾਰ ਮੰਗ ਉਪਰ ਆਧਾਰਿਤ ਸੀ।

ਕਿਸਾਨ ਹੁਣ ਲਕਸ਼ਮੀ ਤਾਰੂ, ਕਰੰਜ ਅਤੇ ਚਰੋਟਾ ਜਿਹੇ ਪੌਦਿਆਂ ਦੀ ਲਾਈਵ ਫੈਂਸਿੰਗ ਕਰਨ ਲਈ ਉਗਾ ਰਹੇ ਹਨ, ਜਿਸ ਨਾਲ ਜੈਵ ਵਿਭਿੰਨਤਾ ਵੀ ਵਧ ਰਹੀ ਹੈ ਅਤੇ ਚਾਰੇ ਅਤੇ ਬਾਲਣ ਤੱਕ ਪਹੁੰਚ ਵਿਚ ਵੀ ਵਾਧਾ ਹੋ ਰਿਹਾ ਹੈ। ਉਹ ਖੁਸ਼ ਹਨ ਕਿ ਇਹ ਬਾਰਡਰ ਪੌਦੇ ਹਵਾ ਨੂੰ ਰੋਕਣ ਲਈ ਕੰਮ ਕਰਦੇ ਹਨ ਜਿਸ ਨਾਲ ਮਿੱਟੀ ਵਿਚ ਨਮੀ ਬਚੀ ਰਹਿੰਦੀ ਹੈ।




ਔਰਤਾਂ ਅਨਾਜ-ਕਮ-ਬੀਜ ਬੈਂਕ ਵਿਚ ਕਈ ਦੇਸੀ ਬੀਜਾਂ ਦੀਆਂ ਕਿਸਮਾਂ ਸੰਭਾਲਦੀਆਂ ਹਨ

### ਇਕੱਠੇ ਕੰਮ ਕਰਨ ਦੀ ਲੋੜ

ਖੇਤੀ ਵਿਗਿਆਨ ਪ੍ਰਣਾਲੀਆਂ ਗਿਆਨ ਭਰਪੂਰ ਹੁੰਦੀਆਂ ਹਨ। ਉਹ ਸਮੁਦਾਇਆਂ ਵਿਚ ਪਹਿਲਾਂ ਤੋਂ ਹੀ ਮੌਜੂਦ ਪ੍ਰੰਪਰਿਕ ਗਿਆਨ ਤੇ ਨਿਰਮਾਣ ਦੇ ਲਈ ਸਥਾਨਕ ਸਥਿਤੀਆਂ ਦੀ ਗਹਿਰਾਈ ਨਾਲ ਸਮਝਣ ਦੀ ਮੰਗ ਕਰਦੇ ਹਨ। ਭੂਮੀ -ਤੋਂ -ਪ੍ਰਯੋਗਸ਼ਾਲਾ-ਤੋਂ-ਭੂਮੀ ਦੀ ਧਾਰਨਾ ਕੇਵਲ ਉਦੋਂ ਹੀ ਸੰਭਵ ਹੋ ਸਕਦੀ ਹੈ ਜਦ ਕਿਸਾਨ ਅਤੇ ਵਿਗਿਆਨਕ ਇਕੱਠੇ ਕੰਮ ਕਰਦੇ ਹਨ, ਸਥਾਈ ਸੰਬੰਧਾਂ ਦਾ ਨਿਰਮਾਣ ਕਰਦੇ ਹਨ। ਖੋਜ ਪ੍ਰਕ੍ਰਿਆ ਵਿਚ ਕਿਸਾਨਾਂ ਦੀ ਭਾਗੀਦਾਰੀ ਮਹੱਤਵਪੂਰਨ ਹੈ ਜੋ ਵਿਗਿਆਨਕਾਂ ਦੀ ਪ੍ਰੰਪਰਿਕ ਪ੍ਰਥਾਵਾਂ ਬਾਰੇ ਗਿਆਨ ਪ੍ਰਾਪਤ ਕਰਨ ਵਿਚ ਮਦਦ ਕਰਦੀ ਹੈ ਅਤੇ ਉਹਨਾਂ ਦੀ ਰਣਨੀਤੀਆਂ ਨੂੰ ਨਵੇਂ ਸਿਰਿਓ ਪੇਸ਼ ਕਰਦੀ ਹੈ। ਅਜਿਹੀ ਪ੍ਰਕ੍ਰਿਆ ਦਾ ਨਤੀਜਾ ਨਾ ਸਿਰਫ ਕਿਸਾਨਾਂ ਲਈ ਪ੍ਰਭਾਵੀ ਹੈ ਬਲਕਿ ਲੰਬੇ ਸਮੇਂ ਵਿਚ ਟਿਕਾਊ ਵੀ ਹੈ। ◆


### ਧੰਨਵਾਦ

ਲੇਖਕ ਲੇਖ ਦੇ ਪਹਿਲੇ ਡ੍ਰਾਫਟ ਲਈ ਤਕਨੀਕੀ ਸਹਿਯੋਗ ਅਤੇ ਮਹੱਤਵਪੂਰਨ ਜਾਣਕਾਰੀ ਦੇਣ ਲਈ ਡਾ. ਦੇਬੇਸ਼ ਪ੍ਰਸਾਦ ਪਾਧੀ, ਸੀਨੀਅਰ ਪ੍ਰੋਗਰਾਮ ਸਲਾਹਕਾਰ, ਅਗਰਗਾਮੀ ਦਾ ਧੰਨਵਾਦੀ ਹੈ।



ਅਭੀਜੀਤ ਮੋਹੰਤੀ
ਅਗਰਗਾਮੀ
ਈਮੇਲ– abhijitmohanty10@yahoo.com
ਬਲਾਗ– developmentalternativesblog.wordpress.com
ਰਣਜੀਤ ਸਾਹੂ
ਰਿਸਰਚ ਐਸੋਸੀਏਟ ਯੂਨੀਵਰਸਿਟੀ ਆਫ ਵਰਜੀਨੀਆ, ਯੂਐਸਏ
ਈਮੇਲ– sahurk9@gmail.com



Farmer Field School
*Building knowledge on the farm*
LEISA INDIA, Vol-18, No.1, March 2016.



ਕਿਸਾਨ ਦਾਲਾਂ ਦੀ ਖੇਤੀ ਕਰਨ ਦੀ ਸਹੁੰ ਚੁੱਕਦੇ ਹੋਏ

# ਦਾਲ ਪੰਚਾਇਤ- ਦਾਲ ਉਤਪਾਦਨ ਵਿਚ ਆਤਮ ਨਿਰਭਰਤਾ ਪ੍ਰਾਪਤ ਕਰਨਾ

**ਆਰ.ਐੱਸ. ਸ਼ਾਂਤਾਕੁਮਾਰ ਹੌਪਰ ਅਤੇ ਕੇ ਤਾਚੀਨਾਮੂਰਤੀ**

ਦਾਲ ਪੰਚਾਇਤ ਟਿਕਾਊ ਉਤਪਾਦਨ, ਵੈਲਿਊ ਐਡੀਸ਼ਨ ਅਤੇ ਮਾਰਕੀਟਿੰਗ ਪ੍ਰਣਾਲੀ ਸਥਾਪਤ ਕਰਨ ਲਈ ਇਕ ਏਕੀਕ੍ਰਿਤ ਦ੍ਰਿਸ਼ਟੀਕੋਣ ਹੈ। ਤਾਮਿਲਨਾਡੂ ਦੀ ਫਾਰਮਰ ਪ੍ਰੋਡਿਊਸਰ ਕੰਪਨੀ ਦੁਆਰਾ ਲਾਗੂ ਇਹ ਕਦਮ ਦਾਲ ਉਤਪਾਦਨ ਵਿਚ ਆਤਮਨਿਰਭਰਤਾ ਪ੍ਰਾਪਤ ਕਰਨ ਵਲ ਵਧ ਰਿਹਾ ਹੈ।

ਜੈਵਿਕ ਨਾਈਟ੍ਰੋਜਨ ਫਿਕਸ ਕਰਨ ਦੀ ਸਮਰੱਥਾ ਅਤੇ ਮੌਸਮ ਪਰਿਵਰਤਨਸ਼ੀਲਤਾ ਨੂੰ ਝੱਲਣ ਦੀ ਯੋਗਤਾ ਦੇ ਨਾਲ ਦਾਲਾਂ ਬੰਜਰ ਜ਼ਮੀਨਾਂ ਨੂੰ ਦੁਬਾਰਾ ਪ੍ਰਾਪਤ ਕਰਨ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਵਿਚ ਮਦਦ ਕਰ ਸਕਦੀਆਂ ਹਨ।ਪੌਸ਼ਟਿਕਤਾ ਨਾਲ ਭਰਪੂਰ ਅਤੇ ਸਖ਼ਤ ਹਾਲਾਤਾਂ ਵਿਚ ਵੀ ਉਗਣ ਦੀ ਸਮਰੱਥਾ ਕਰਕੇ ਦਾਲਾਂ ਛੋਟੀਆਂ ਜ਼ਮੀਨਾਂ ਵਾਲੇ ਗਰੀਬ ਕਿਸਾਨਾਂ ਲਈ ਉਤਮ ਹਨ।

ਦਾਲਾਂ ਅਧੀਨ ਖੇਤਰ ਅਤੇ ਉਤਪਾਦਨ ਲਗਾਤਾਰ ਡਿੱਗ ਰਿਹਾ ਹੈ। ਮੱਧਮ ਦਰਜੇ ਦੀਆਂ ਜ਼ਮੀਨਾਂ ਉਪਰ ਵਰਖਾ ਆਧਾਰਿਤ ਸਥਿਤੀਆਂ ਵਿਚ ਦਾਲ ਉਤਪਾਦਨ ਵਿਚ ਕਈ ਮੁਸ਼ਕਿਲਾਂ ਹਨ। ਇਹਨਾਂ ਵਿਚੋਂ ਕੁਝ ਖੇਤਰ ਵਿਚ ਠਹਿਰਾਅ, ਘੱਟ ਉਤਪਾਦਨ, ਸਮੇਂ ਤੇ ਸਾਧਨਾਂ ਦੀ ਕਮੀ, ਕੀਟਾਂ ਅਤੇ ਰੋਗਾਂ ਪ੍ਰਤਿ ਸੰਵੇਦਨਸ਼ੀਲਤਾ, ਨਾਕਾਫ਼ੀ ਭੰਡਾਰਣ ਅਤੇ ਮਾਰਕੀਟਿੰਗ ਲਿੰਕ, ਕੀਮਤ ਅਸਥਿਰਤਾ, ਫਸਲੀ ਬੀਮੇ ਦੀ ਕਮੀ ਆਦਿ ਹਨ।ਭਾਰਤ ਵਿਚ ਦਾਲਾਂ ਦੀ ਪ੍ਰਤਿ ਵਿਅਕਤੀ ਉਪਲਬਧਤਾ 33 ਗ੍ਰਾਮ/ਵਿਅਕਤੀ/ਦਿਨ (200910) ਹੈ ਜਦੋਂਕਿ ਡਬਲਿਊਐਚਓ ਨੇ 80 ਗ੍ਰਾਮ/ਵਿਅਕਤੀ/ਦਿਨ ਦੀ ਸਿਫਾਰਸ਼ ਕੀਤੀ ਹੈ।ਘਰੇਲੂ ਮੰਗ ਨੂੰ ਪੂਰਾ ਕਰਨ ਲਈ ਸਰਕਾਰ ਨੂੰ ਦਾਲਾਂ ਦਾ ਆਯਾਤ ਕਰਨਾ ਪੈਂਦਾ ਹੈ।

ਉਤਪਾਦਨ ਵਧਾਉਣ ਲਈ ਅਤੇ ਦਾਲਾਂ ਨੂੰ ਆਮ ਆਦਮੀ ਦੀ ਪਹੁੰਚ ਵਿਚ ਰਖਣ ਲਈ ਸਰਕਾਰ ਨੇ 14 ਰਾਜਾਂ ਦੇ 171 ਜਿਲਿਆਂ ਵਿਚ ਐਨਐਫਐਸਐਮ ਜਿਹੀਆਂ ਪਹਿਲਾਂ ਰਾਹੀ ਬਿਹਤਰ ਤਕਨਾਲੋਜੀਆਂ ਅਤੇ ਖੇਤ ਪ੍ਰਬੰਧਨ ਤਰੀਕਿਆਂ ਨੂੰ ਉਤਸ਼ਾਹਿਤ ਕੀਤਾ ਹੈ।ਹਾਲ ਹੀ ਵਿਚ, ਕਿਸਾਨਾਂ ਨੂੰ ਪ੍ਰੋਤਸਾਹਨ ਦੇਣ ਲਈ ਭਾਰਤ ਸਰਕਾਰ ਨੇ 200 ਰੁਪਏ ਪ੍ਰਤਿ ਕੁਇੰਟਲ ਦਾਲਾਂ ਦੇ ਬੋਨਸ ਦਾ ਐਲਾਨ ਕੀਤਾ ਹੈ।

ਐਮ.ਐਸ. ਸਵਾਮੀਨਾਥਨ ਰਿਸਰਚ ਫਾਊਂਡੇਸ਼ਨ ਨੇ ਭਾਰਤ ਮੋਰਾਕੋ ਫੂਡ ਲੈਗਿਊਮ ਇਨੀਸ਼ੀਏਟਿਵ ਰਾਹੀ ਦਾਲਾਂ ਦੇ ਉਤਪਾਦਨ ਵਿਚ ਸਵੈ-ਨਿਰਭਰਤਾ ਪ੍ਰਾਪਤ ਕਰਨ ਲਈ ਤਾਮਿਲਨਾਡੂ ਅਤੇ ਉੜੀਸਾ ਦੇ ਰਾਜਾਂ ਵਿਚ ਦਾਲ ਪੰਚਾਇਤ ਨੂੰ ਪ੍ਰੋਤਸ਼ਾਹਿਤ ਕੀਤਾ ਹੈ। ਓਸੀਪੀ ਫਾਊਂਡੇਸ਼ਨ, ਮੋਰਾਕੋ ਨੇ ਦੱਖਣ-ਦੱਖਣ ਸਹਿਯੋਗ ਦੇ ਰਾਹੀ ਭਾਰਤ ਅਤੇ ਮੋਰਾਕੋ ਵਿਚ ਹਿੱਸੇਦਾਰਾਂ ਨੂੰ ਸ਼ਾਮਲ ਕਰਕੇ ਭਾਰਤ ਮੋਰਾਕੋ ਫੂਡ ਲੈਗਿਊਮ ਇਨੀਸ਼ੀਏਟਿਵ ਸ਼ੁਰੂ ਕੀਤਾ ਹੈ। ਇਹ ਪੇਪਰ ਤਾਮਿਲਨਾਡੂ ਵਿਚ ਸਵਾਮੀਨਾਥਨ ਫਾਊਡੇਸ਼ਨ ਦੁਆਰਾ ਕੀਤੀ ਗਈ ਇਸ ਪਹਿਲ ਦੀ ਵਿਆਖਿਆ ਕਰਦਾ ਹੈ।



**ਮਹਿਲਾ ਕਿਸਾਨ ਗਰੁੱਪ ਦੀ ਮੀਟਿੰਗ**

**ਦਾਲ ਪੰਚਾਇਤ**

ਏਡਿਆਪੱਟੀ ਪੰਚਾਇਤ ਪੁੱਡੂਕੋਟੱਈ ਜਿਲੇ ਦੇ ਅੰਨਾਵਸਲ ਬਲਾਕ ਵਿਚ ਸਥਿਤ ਹੈ ਜੋ ਤਾਮਿਲਨਾਡੂ ਦੇ ਸਭ ਤੋਂ ਖੁਸ਼ਕ ਖੇਤਰਾਂ ਵਿਚੋਂ ਇਕ ਹੈ। 95% ਕਿਸਾਨ ਛੋਟੀਆਂ ਜ਼ਮੀਨਾਂ ਵਾਲੇ ਹਨ। ਪੰਚਾਇਤ ਕੋਲ 79 ਖੁੱਲੇ ਖੂਹ ਹਨ ਜੋ ਅੰਸ਼ਿਕ ਸਿੰਚਾਈ ਪ੍ਰਦਾਨ ਕਰਦੇ ਹਨ। ਖੇਤਰ ਵਿਚ ਝੋਨਾ, ਬਾਜਰਾ, ਮਾਂਹ ਅਤੇ ਮੂੰਗਫਲੀ ਮੁੱਖ ਫਸਲਾਂ ਉਗਾਈਆਂ ਜਾਂਦੀਆਂ ਹਨ। ਸਿਰਫ ਕੁੱਝ ਕਿਸਾਨਾਂ ਨੇ ਕਰੀਬ 30 ਏਕੜ ਖੇਤਰ ਉਪਰ ਦਾਲਾਂ ਦੀ ਖੇਤੀ ਕੀਤੀ। ਵਰਖਾ ਆਧਾਰਿਤ ਜ਼ਿਆਦਾਤਰ ਜ਼ਮੀਨਾਂ ਖਾਲੀ ਛੱਡ ਦਿਤੀਆਂ ਗਈਆਂ ਸਨ ਅਤੇ ਹੁਣ ਬਾਇਓ ਇੰਡਸਟਰੀਅਲ ਵਾਟਰਸ਼ੈਡ ਗਤੀਵਿਧੀਆਂ ਰਾਹੀ ਕਾਸ਼ਤ ਅਧੀਨ ਲਿਆਂਦਾ ਗਿਆ।

ਇਲੁਪਪੁਰ ਖੇਤੀਬਾੜੀ ਉਤਪਾਦਕ ਕੰਪਨੀ ਲਿਮਿਟਡ (ਆਈਏਪੀਸੀਐਲ) ਨੂੰ 2012 ਵਿਚ ਸ਼ੁਰੂ ਕੀਤੀ ਗਈ ਸੀ ਅਤੇ ਜਨਵਰੀ 2015 ਵਿਚ ਕਿਸਾਨਾਂ ਦੇ ਮਾਰਕੀਟਿੰਗ ਸੰਬੰਧੀ ਮੁਦਿਆਂ ਨੂੰ ਸਮੂਹਿਕ ਢੰਗ ਨਾਲ ਹੱਲ ਕਰਨ ਲਈ ਰਜਿਸਟਰ ਕੀਤਾ ਗਿਆ। 5 ਪੰਚਾਇਤਾਂ ਜਿਨਾਂ ਵਿਚ ਏਡੀਆਪੱਟੀ ਪੰਚਾਇਤ ਵੀ ਸ਼ਾਮਲ ਸੀ, ਦੇ 1000 ਸ਼ੇਅਰ ਧਾਰਕਾਂ ਨਾਲ ਆਈਏਪੀਸੀਐਲ ਦੀ ਸਥਾਪਨਾ ਕੀਤੀ ਗਈ। ਅੱਜ ਏਡੀਆਪੱਟੀ ਪੰਚਾਇਤ ਦੇ 182 ਕਿਸਾਨ ਆਈਏਪੀਸੀਐਲ ਦੇ ਨਾਲ ਹਨ। ਟਿਕਾਊ ਉਤਪਾਦਨ, ਵੈਲਿਊ ਐਡੀਸ਼ਨ ਅਤੇ ਮਾਰਕੀਟਿੰਗ ਨੂੰ ਉਤਸ਼ਾਹਤ ਕਰਕੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਆਈਏਪੀਸੀਐਲ ਦਾ ਧਿਆਨ ਚਾਰ ਵਿਭਿੰਨ ਵੈਲਿਊ ਚੇਨ ਆਧਾਰਿਤ ਉਦਮਾਂ (ਦਾਲਾਂ, ਜੈਵਿਕ ਸਬਜ਼ੀਆਂ, ਸੰਗਠਿਤ ਡੇਅਰੀ ਅਤੇ ਪੋਲਟਰੀ) ਕੇਂਦ੍ਰਿਤ ਹੈ।

2013 ਵਿਚ ਸਮੁੱਚੀ ਪੰਚਾਇਤ ਨੇ ਵੱਡੇ ਪੈਮਾਨੇ ਤੇ ਦਾਲਾਂ ਦੇ ਉਤਪਾਦਨ ਨੂੰ ਵਧਾਉਣ ਲਈ ਇਕ ਸੀਜ਼ਨ ਲਈ ਦਾਲਾਂ ਅਧੀਨ ਵਧ ਤੋਂ ਵਧ ਜ਼ਮੀਨ (474 ਏਕੜ – ਕੁਲ ਫਸਲੀ ਖੇਤਰ) ਲਿਆਉਣ ਲਈ ਇਕ ਮਤਾ ਪਾਸ ਕੀਤਾ। ਮੈਂਬਰਾਂ ਨੇ ਰਬੀ ਸੀਜ਼ਨ ਵਿਚ ਦਾਲਾਂ ਦੇ ਪ੍ਰਮਾਣਿਤ ਬੀਜ ਉਤਪਾਦਨ ਦਾ ਸਫਲਤਾਪੂਰਵਕ ਪ੍ਰਦਰਸ਼ਨ ਕੀਤਾ।

ਰਿਮੋਟ ਸੈਂਸਿੰਗ ਟੂਲਜ਼ ਅਤੇ ਦਾਲ ਉਤਪਾਦਨ ਲਈ ਤਿਆਰ ਕੀਤੀਆਂ ਗਈਆਂ ਰਣਨੀਤੀਆਂ ਵਰਤ ਕੇ 10 ਪਿੰਡਾਂ ਦੀ ਬਣੀ ਸਮੁੱਚੀ ਪੰਚਾਇਤ ਡਿਜੀਟਲ ਕੀਤੀ ਗਈ। ਪੰਚਾਇਤ ਅਤੇ ਆਈਏਪੀਸੀਐਲ ਦਾਲ ਦੇ ਉਤਪਾਦਨ ਦੀ ਯੋਜਨਾ ਅਤੇ ਨਿਗਰਾਨੀ ਵਿਚ ਸ਼ਾਮਲ ਹਨ। ਪੰਚਾਇਤ ਨੇ ਪਿੰਡ ਦੇ ਗਿਆਨ ਕੇਂਦਰ ਲਈ ਬੁਨਿਆਦੀ ਸੁਵਿਧਾਵਾਂ ਉਪਲਬਧ ਕਰਵਾਈਆਂ ਅਤੇ ਖੇਤੀ ਸੰਦਾਂ ਨੂੰ ਕਿਰਾਏ ਤੇ ਲੈਣ ਵਿਚ ਵੀ ਮਦਦ ਕੀਤੀ। ਰਾਸ਼ਟਰੀ ਦਾਲ ਖੋਜ ਸਟੇਸ਼ਨ, ਵੰਬਾਨ, ਸਰਕਾਰੀ ਖੇਤੀਬਾੜੀ ਵਿਭਾਗ ਅਤੇ ਐਮਐਸਐਸਆਰਐਫ ਵੱਲੋਂ ਤਕਨੀਕੀ ਸਹਿਯੋਗ ਮੁਹੱਈਆ ਕਰਵਾਇਆ ਗਿਆ।

ਆਈਏਪੀਸੀਐਲ ਨੂੰ ਵਿਭਿੰਨ ਫਸਲਾਂ ਦੇ ਵੈਲਿਊ ਚੇਨ ਵਿਸ਼ਲੇਸ਼ਣ ਦੇ ਆਧਾਰ ਤੇ ਅਤੇ ਇਕ ਬਿਜ਼ਨੈਸ ਮਾਡਲ ਦੇ ਰੂਪ ਵਿਚ ਪ੍ਰਚਾਰਿਤ ਕੀਤਾ ਗਿਆ ਹੈ। ਸਾਰੀਆਂ ਗਤੀਵਿਧੀਆਂ ਆਈਏਪੀਸੀਐਲ ਦੁਆਰਾ ਕੀਤੀਆ ਜਾਂਦੀਆਂ ਹਨ। ਆਈਏਪੀਸੀਐਲ ਦੀ ਭੂਮਿਕਾ ਇਸ ਪ੍ਰਕਾਰ ਹੈ।

- ਵਧੀਆਂ ਬੀਜਾਂ, ਜੈਵਿਕ ਖਾਦਾਂ, ਖੇਤੀ ਸੰਦਾਂ ਨੂੰ ਕਿਰਾਏ ਤੇ ਲੈਣਾ ਆਦਿ
- ਉਤਪਾਦਨ ਖਰੀਦਣਾ, ਭੰਡਾਰਣ ਅਤੇ ਮਾਰਕੀਟਿੰਗ
- ਬੈਂਕਾਂ ਨਾਲ ਸੰਬੰਧਾਂ ਰਾਹੀ ਕ੍ਰੈਡਿਟ ਤੱਕ ਪਹੁੰਚ ਬਣਾਉਣਾ
- ਪਿੰਡ ਦੇ ਗਿਆਨ ਕੇਂਦਰ ਰਾਹੀ ਗਿਆਨ ਸ਼ਕਤੀਕਰਨ ਤਕ ਪਹੁੰਚ
- ਵੈਲਿਊ ਐਡੀਸ਼ਨ ਲਈ ਉਤਪਾਦਾਂ ਦੀ ਪ੍ਰੋਸੈਸਿੰਗ ਦੀ ਸਹੂਲਤ
- ਵੱਖ-ਵੱਖ ਹਿੱਸੇਦਾਰਾਂ ਅਤੇ ਐਮਐਸਐਸਆਰਐਫ ਨਾਲ ਸੰਬੰਧ

ਕਈ ਕਦਮ ਜਿਵੇਂ ਜਾਗਰੂਕਤਾ ਪ੍ਰੋਗਰਾਮ, ਭਾਗੀਦਾਰੀ ਨਾਲ ਕਿਸਮਾਂ ਦੀ ਚੋਣ ਪ੍ਰਕ੍ਰਿਆ, ਫਾਰਮਰਜ਼ ਫੀਲਡ ਸਕੂਲ, ਖੇਤ ਦਿਵਸ ਰਾਹੀ ਦਾਲਾਂ ਦੀ ਕਾਸ਼ਤ ਬਾਰੇ ਗਿਆਨ ਨਿਰਮਾਣ, ਖੇਤੀ ਉਤਪਾਦਕ ਸਮੂਹਾਂ ਦੁਆਰਾ ਵਿਚਾਰ-ਵਟਾਂਦਰੇ ਲਈ ਮੰਚ, ਆਪਣੀ ਪ੍ਰੋਡਿਊਸਰ ਕੰਪਨੀ ਰਾਹੀ ਯਕੀਨੀ ਮਾਰਕੀਟਿੰਗ, ਪ੍ਰੋਡਿਊਸਰ ਕੰਪਨੀ ਦੁਆਰਾ ਪ੍ਰੀਮੀਅਮ ਕੀਮਤ ਪ੍ਰਾਪਤ ਕਰਨ ਦੀ ਸੰਭਾਵਨਾ ਆਦਿ ਨੇ ਕਿ ਕਿਸਾਨਾਂ ਨੂੰ ਦਾਲਾਂ ਦੇ ਉਤਪਾਦਨ ਲਈ ਪ੍ਰੇਰਣਾ ਦਿੱਤੀ।
ਇਹਨਾਂ ਵਿਚੋ ਕੁੱਝ ਦਾ ਵੇਰਵਾ ਹੇਠਾਂ ਦਿਤਾ ਗਿਆ ਹੈ-

**ਕਿਸਾਨ ਭਾਗੀਦਾਰੀ ਨਾਲ ਕਿਸਮਾਂ ਦੇ ਚੋਣ ਪਰੀਖਣ (ਐਫਪੀਵੀਐਸਟੀ)**

ਇਲਾਕੇ ਵਿਚ ਸਭ ਤੋਂ ਵਧੀਆਂ ਪ੍ਰਦਰਸ਼ਨ ਕਰਨ ਵਾਲੀਆਂ ਦਾਲਾਂ ਦੀਆਂ ਕਿਸਮਾਂ ਦੀ ਪਛਾਣ ਕਰਨ ਲਈ ਇਸ ਖੇਤਰ ਵਿਚ ਭਾਗੀਦਾਰੀ ਵਾਲੇ ਕਿਸਮਾਂ ਦੀ ਚੋਣ ਲਈ ਕੁਲ 41 ਪਰੀਖਣ ਕੀਤੇ ਗਏ। ਕਿਸਮਾਂ ਵਿਭਿੰਨ

**ਟੇਬਲ 1: ਚੁਣੀਆਂ ਗਈਆਂ ਕਿਸਮਾਂ ਦਾ ਪਰੀਖਣ 2015-16**

| ਦਲਹਨ | ਦਾਲਾਂ ਦੀ ਪਰਖੀਆਂ ਗਈਆਂ ਕਿਸਮਾਂ | ਸਰਵੋਤਮ ਕਿਸਮ |
|---|---|---|
| ਕਾਲੇ ਮਾਂਹ | **ਸਾਉਣੀ:** VBN 4, ADT-5, MDU -1<br>**ਹਾੜੀ:** VBN 4, VBN-6 | **ਸਾਉਣੀ ਅਤੇ ਹਾੜੀ:** VBN 4 |
| ਮੂੰਗੀ | **ਸਾਉਣੀ:** Co 8, VBN 3, VRM-1<br>**ਹਾੜੀ:** VBN3 ,Co 8,VRM1, BGS9,ML618 | **ਸਾਉਣੀ:** Co8 & VBN 3<br>**ਹਾੜੀ:** VBN 3 |
| ਮਸਰ | **ਸਾਉਣੀ:** 37 acres intercrop with Gnut<br>**ਹਾੜੀ:** VBN2, ICPL1124,161, 20335, 88039 | **ਹਾੜੀ:** ICPL 88039 |
| ਮੂੰਗਫਲੀ | **ਸਾਉਣੀ:** Co 7, Pollachi 1, VRI 2<br>**ਹਾੜੀ:** VRI 2, K6, Co4, TMV7, GG2 | **ਸਾਉਣੀ:** Co7 & VRI2<br>**ਹਾੜੀ:** VRI 2 |

ਸੰਸਥਾਨਾਂ ਜਿਵੇਂ ਖੇਤੀ ਯੂਨੀਵਰਸਿਟੀਆਂ, ਖੋਜ ਸੰਸਥਾਨਾਂ ਅਤੇ ਕਿਸਾਨਾਂ ਤੋਂ ਪ੍ਰਾਪਤ ਕੀਤੀਆਂ ਗਈਆਂ। ਹਰ ਪਰੀਖਣ ਵਿੱਚ ਫਸਲ ਦੇ ਪੰਜ ਨਿਰਣਾਇਕ ਪੜਾਵਾਂ ਵਿਚ 20 ਪ੍ਰਗਤੀਸ਼ੀਲ ਕਿਸਾਨਾਂ ਨੂੰ ਸ਼ਾਮਲ ਕੀਤਾ ਗਿਆ। ਮਾਂਹ ਵਿਚ ਵੰਬਾਨ 4 ਅਤੇ 6 ਅਤੇ ਐਮਡੀਯੂ 1 ਨੇ ਚੰਗਾ ਪ੍ਰਦਰਸ਼ਨ ਕੀਤਾ, ਮੂੰਗੀ ਵਿਚ ਵੰਬਾਨ 3 ਅਤੇ ਸੀਓ 8 ਨੇ ਅਤੇ ਅਰਹਰ ਵਿਚ ਸੀਓ 6 ਅਤੇ ਐਲ ਆਰ ਜੀ 41 ਨੇ ਵਧੀਆ ਪ੍ਰਦਰਸ਼ਨ ਕੀਤਾ।ਪੰਜ ਨਿਰਣਾਇਕ ਪੜਾਵਾਂ ਦੌਰਾਨ 10 ਮਹੱਤਵਪੂਰਨ ਪੈਰਾਮੀਟਰਾਂ ਦੇ ਆਧਾਰ ਤੇ ਸਭ ਤੋਂ ਵਧੀਆ ਕਿਸਮ ਦੀ ਚੋਣ ਕਰਨ ਦਾ ਮੌਕਾ ਪ੍ਰਦਾਨ ਕਰਨ ਲਈ ਹਰੇਕ ਪਰੀਖਣ ਤੋਂ ਬਾਅਦ ਖੇਤ ਦਿਵਸ ਆਯੋਜਿਤ ਕੀਤੇ ਗਏ ।

**ਜਲਵਾਯੂ ਸਮਾਰਟ ਖੇਤੀ ਪ੍ਰਥਾਵਾਂ ਨੂੰ ਵਧਾਵਾ ਦੇਣਾ**

ਚਾਵਲ ਪਰਤੀ ਫਸਲੀ ਪ੍ਰਣਾਲੀ ਵਿਚ ਦਾਲਾਂ ਨੂੰ ਪ੍ਰੋਤਸ਼ਾਹਿਤ ਕਰਨ ਨਾਲ ਦਾਲਾਂ ਦੇ ਉਤਪਾਦਨ ਅਧੀਨ 40% ਤਕ ਹੋਰ ਖੇਤਰ ਆ ਗਿਆ ਹੈ।ਦਾਲਾਂ ਦੀ ਘੱਟ ਅਵਧੀ ਵਾਲੀਆਂ ਕਿਸਮਾਂ ਨੂੰ ਮੁੱਖ/ਦੂਸਰੀ ਫਸਲ ਦੇ ਰੂਪ ਵਿਚ ਸ਼ਾਮਲ ਕਰਕੇ ਪ੍ਰਦਰਸ਼ਨ (ਡੈਮੋਂਨਸਟ੍ਰੇਸ਼ਨ) ਕੀਤੇ ਗਏ। ਇਸ ਨਾਲ ਪ੍ਰੰਪਰਿਕ ਕਿਸਮ ਦੀ ਤੁਲਨਾ ਵਿਚ ਉਤਪਾਦਨ ਵਿਚ 30% ਤਕ ਵਾਧਾ ਹੋਇਆ ਜਿਸ ਨਾਲ ਵਾਧੂ ਆਮਦਨ ਮਿਲੀ। ਇਸ ਨਾਲ ਕਿਸਮਾਂ ਦੀ ਪ੍ਰਤੀਸਥਾਪਨ ਦੀ ਦਰ 70% ਤਕ ਵਧ ਗਈ।

ਆਈਏਪੀਸੀਐਲ ਦੁਆਰਾ ਸਾਧਨਾਂ ਦੀ ਉਪਲਬਧਤਾ ਅਤੇ ਕ੍ਰੈਡਿਟ ਲਈ ਸਹਿਯੋਗ ਦਿੱਤਾ ਗਿਆ।ਕਿਸਾਨ ਨਵੀਆਂ ਸੁਧਰੀਆਂ ਕਿਸਮਾਂ ਅਤੇ ਜਲਵਾਯੂ ਪਰਿਵਰਤਨਸ਼ੀਲਤਾ ਦੇ ਆਧਾਰ ਤੇ ਖੇਤੀ ਤਰੀਕਿਆਂ ਨੂੰ ਅਪਣਾਉਣ ਦੇ ਨਾਲ ਏਕੀਕ੍ਰਿਤ ਫਸਲ ਪ੍ਰਬੰਧਨ ਕਰਨ ਦੇ ਸਮਰੱਥ ਸਨ।ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ, ਮੁੰਬਈ, ਏਸ਼ੀਆ ਇਨੀਸ਼ੀਏਟਿਵਸ, ਯੂਐਸਏ ਤੋਂ ਮਿਲੇ ਫੰਡ ਨਾਲ 30 ਖੂਹਾਂ ਨੂੰ ਬਹਾਲ ਕੀਤਾ ਗਿਆ ਤਾਂਕਿ ਉਚ ਗੁਣਵੱਤਾ ਦੇ ਬੀਜ ਪੈਦਾ ਕਰਨ ਲਈ ਖਾਸ ਕਰਕੇ ਰਬੀ ਦੇ ਸੀਜ਼ਨ ਵਿਚ ਦਾਲਾਂ ਦੀ ਖੇਤੀ ਲਈ ਪਾਣੀ ਉਪਲਬਧ ਹੋ ਸਕੇ। ਇਸ ਨਾਲ 50 ਏਕੜ ਦੀ ਖਾਲੀ ਪਈ ਜ਼ਮੀਨ ਵੀ ਦਾਲ ਦੀ ਕਾਸ਼ਤ ਹੇਠ ਆ ਗਈ।

ਫਾਰਮਰਜ਼ ਫੀਲਡ ਸਕੂਲਾਂ ਵਿਚ ਕਿਸਾਨਾਂ ਨੂੰ ਨਵੀਆਂ ਜਲਵਾਯੂ ਸਮਾਰਟ ਖੇਤੀ ਤਕਨੀਕਾਂ ਜਿਵੇਂ ਵਧੀਆ ਗੁਣਵੱਤਾ ਵਾਲੇ ਬੀਜਾਂ ਦੀ ਵਰਤੋਂ, ਕੀਟ ਅਤੇ ਰੋਗ ਪ੍ਰਤੀਰੋਧਕ ਸ਼ਕਤੀ ਵਾਲੀਆਂ ਕਿਸਮਾਂ ਦੀ ਬਿਜਾਈ, ਮਿੱਟੀ ਸਿਹਤ ਕਾਰਡਾਂ ਆਧਾਰਿਤ ਸਿਫਾਰਿਸ਼ਾਂ ਦੁਆਰਾ ਪੋਸ਼ਕ ਤੱਤਾਂ ਦਾ ਪ੍ਰਬੰਧਨ, ਬੀਜ ਉਪਚਾਰ, ਲਾਈਨਾਂ ਵਿਚ ਬਿਜਾਈ, ਅੰਤਰ-ਫਸਲਾਂ, ਜਲ ਪ੍ਰਬੰਧਨ ਅਤੇ ਪ੍ਰੋਸੈਸਿੰਗ ਆਦਿ ਦੀ ਟ੍ਰੇਨਿੰਗ ਦਿੱਤੀ ਗਈ।

ਕਿਸਾਨ ਖੇਤ ਦਿਵਸਾਂ ਨੇ ਕਿਸਾਨਾਂ, ਵਿਗਿਆਨਕਾਂ, ਪ੍ਰੋਜੈਕਟ ਸਟਾਫ ਅਤੇ ਸਰਕਾਰੀ ਕਰਮਚਾਰੀਆਂ ਨੂੰ ਦਾਲ ਉਤਪਾਦਨ ਦੇ ਅਨੁਭਵਾਂ ਨੂੰ ਸਾਂਝਾ ਕਰਨ ਅਤੇ ਫੈਲਾਉਣ ਦੇ ਕਾਬਲ ਬਣਾਇਆ। ਵੱਖ-ਵੱਖ ਦਾਲਾਂ ਦਾ ਉਤਪਾਦਨ ਰਾਜ ਅਤੇ ਰਾਸ਼ਟਰੀ ਔਸਤ ਪੈਦਾਵਾਰ ਦੀ ਤੁਲਨਾ ਵਿਚ 50% ਜ਼ਿਆਦਾ ਸੀ।

**ਬੀਜ ਪ੍ਰਣਾਲੀ ਅਤੇ ਪ੍ਰਬੰਧਨ ਨੂੰ ਉਤਸ਼ਹਿਤ ਕਰਨਾ**

ਉਚ ਗੁਣਵੱਤਾ ਵਾਲੇ ਬੀਜ ਦੀ ਸਪਲਾਈ ਲਈ ਪੂਰੀ ਤਰ੍ਹਾ ਕੰਮ ਕਰਨ ਵਾਲੀ ਅਤੇ ਟਿਕਾਊ ਦਾਲ ਬੀਜ ਸਪਲਾਈ ਪ੍ਰਣਾਲੀ ਬਹੁਤ ਮਹੱਤਵਪੂਰਨ ਹੈ।ਆਈਏਪੀਸੀਐਲ ਦੁਆਰਾ ਕਿਸਾਨਾਂ ਦੇ ਪੱਧਰ ਤੇ ਪ੍ਰਮਾਣਿਤ/ਭਰੋਸੇਯੋਗ ਬੀਜਾਂ ਦੀ ਮੰਗ ਨੂੰ ਪੂਰਾ ਕਰਨ ਲਈ ਦਾਲ ਬੀਜ ਵੈਲਿਊ ਚੇਨ ਸਿਸਟਮ ਸ਼ੁਰੂ ਕੀਤਾ ਗਿਆ। ਬੀਜ ਬਦਲਣ ਦੀ ਦਰ 40% ਤੋਂ ਵਧ ਹੋ ਗਈ। ਆਈਏਪੀਸੀਐਲ ਦੁਆਰਾ ਲਗਭਗ 10 ਟਨ ਕੁਆਲਿਟੀ ਬੀਜ ਖਰੀਦਿਆ ਗਿਆ ਅਤੇ ਭੰਡਾਰਣ ਕੀਤਾ ਗਿਆ। ਇਸ ਨੂੰ ਅੱਗੇ ਸਰਕਾਰੀ ਏਜੰਸੀਆਂ ਦੁਆਰਾ ਪ੍ਰਮਾਣਿਤ ਕੀਤਾ ਜਾਵੇਗਾ। ਇਸ ਪ੍ਰਕਾਰ, ਕਿਸਾਨਾਂ ਦੁਆਰਾ ਭਾਗੀਦਾਰੀ ਨਾਲ ਚੁਣੀਆਂ ਕਿਸਮਾਂ ਨੇ ਵਧੀਆ ਨਤੀਜੇ ਦਿੱਤੇ।

ਬੀਜਾਂ ਨੂੰ ਪੁਰਡਿਊ ਇੰਪਰੂਵਡ ਕਰਾਪ ਸਟੋਰੇਜ ਬੈਗਾਂ ਵਿਚ ਸਟੋਰ ਕੀਤਾ ਗਿਆ। ਸਟੋਰੇਜ ਕੀਟਾਂ ਦੇ ਕਰਕੇ ਬੀਜਾਂ ਦੀ ਗੁਣਵੱਤਾ ਦਾ ਹੋਣ ਵਾਲਾ ਨੁਕਸਾਨ ਕਾਫ਼ੀ ਘੱਟ ਸੀ। ਬੀਜਾਂ ਦੀ ਗੁਣਵੱਤਾ ਬਚਾਉਣ ਤੋਂ ਇਲਾਵਾ, ਇਹ ਤਰੀਕਾ ਬੀਜਾਂ ਦੀ ਉਮਰ ਵੀ ਵਧਾਉਂਦਾ ਹੈ।

**ਦਾਲ ਬਾਇਓਪਾਰਕ**

ਆਈਏਪੀਸੀਐਲ ਦੁਆਰਾ ਵੈਲਿਊ ਚੇਨ ਵਿਸ਼ਲੇਸ਼ਣ ਦੇ ਆਧਾਰ ਤੇ ਦਾਲ ਬਾਇਓਪਾਰਕ ਦਾ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਜਿਸ ਵਿਚ ਐਮਐਸਐਸਆਰਐਫ ਅਤੇ ਹੋਰ ਹਿੱਸੇਦਾਰਾਂ ਨੇ ਤਕਨੀਕੀ ਸਹਿਯੋਗ ਦਿੱਤਾ।ਦਾਲ ਮਿਲ ਲਗਾਈ ਗਈ ਜਿਸ ਨਾਲ ਛੋਟੇ ਅਤੇ ਮੱਧਮ ਦਰਜੇ ਦੇ ਕਿਸਾਨਾਂ ਨੂੰ ਆਪਣੇ ਉਤਪਾਦਨ ਨੂੰ ਪ੍ਰੋਸੈਸ ਕਰਨ ਕਰਕੇ ਫਾਇਦਾ ਮਿਲਿਆ। ਪ੍ਰੋਸੈਸਡ ਦਾਲ ਸਾਫ ਕਰਕੇ, ਪੈਕ ਕਰਕੇ ਖੁੱਲੇ ਬਾਜ਼ਾਰ ਵਿਚ ਵੇਚੀ ਜਾਂਦੀ ਹੈ। ਵਿਭਿੰਨ ਦਾਲਾਂ ਲਈ ਮੌਜੂਦਾ ਅਤੇ ਨਵੀਆਂ ਵੈਲਿਊ ਚੇਨਾਂ ਦਾ ਦਸਤਾਵੇਜ਼ੀਕਰਨ ਦਾਲਾਂ ਦੇ ਉਤਪਾਦਨ ਨੂੰ ਵਧਾਉਣ, ਵਿਕਰੀ ਅਤੇ ਟਿਕਾਊ ਕਰਨ ਵਿਚ ਸਮਰੱਥ ਕਰੇਗਾ।



ਕਿਸਾਨ ਕਿਸਮਾਂ ਦੀ ਚੋਣ ਪਰੀਖਣ ਵਿਚ ਭਾਗ ਲੈਂਦੇ ਹੋਏ

### ਗਿਆਨ ਪ੍ਰਬੰਧਨ

ਆਈਏਪੀਸੀਐਲ ਦੁਆਰਾ ਪ੍ਰਬੰਧਿਤ ਗ੍ਰਾਮੀਣ ਗਿਆਨ ਕੇਂਦਰਾਂ ਦੁਆਰਾ ਆਈਸੀਟੀ ਟੂਲਾਂ ਦਾ ਇਸਤੇਮਾਲ ਕਰਕੇ ਫਾਰਮਰਜ਼ ਫੀਲਡ ਸਕੂਲਾਂ ਅਤੇ ਖੇਤ ਦਿਵਸਾਂ ਰਾਹੀ ਗਿਆਨ ਪ੍ਰਬੰਧਨ ਕੀਤਾ ਗਿਆ। ਸਮੇਂ ਸਿਰ ਖੇਤੀ ਸੰਦਾਂ ਦੀ ਉਚਿਤ ਕਿਰਾਏ ਤੇ ਉਪਲਬਧਤਾ ਨੇ ਛੋਟੇ ਕਿਸਾਨਾਂ ਨੂੰ ਫਾਇਦਾ ਪਹੁੰਚਾਇਆ। ਗ੍ਰਾਮੀਣ ਗਿਆਨ ਕੇਂਦਰ ਨੇ ਜਲਵਾਯੂ ਸਮਾਰਟ ਖੇਤੀ ਤਕਨੀਕਾਂ, ਫਸਲੀ ਬੀਮਾ, ਮਿੱਟੀ ਸਿਹਤ ਸੰਭਾਲ, ਮੰਡੀਆਂ ਦੇ ਭਾਅ, ਪੌਦਿਆਂ ਅਤੇ ਪਸ਼ੂਆਂ ਦੀ ਸਿਹਤ ਸੰਭਾਲ ਲਈ ਕਲੀਨਿਕਾਂ, ਮਾਨਸੂਨ ਦੇ ਵਿਵਹਾਰ ਅਤੇ ਸਰਕਾਰੀ ਸਕੀਮਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ। ਦਾਲ ਉਤਪਾਦਨ ਵਧਾਉਣ ਲਈ 2000 ਤੋਂ ਵਧ ਕਿਸਾਨਾਂ ਨਾਲ ਫੋਨ-ਇਨ- ਪ੍ਰੋਗਰਾਮਾਂ, ਵਾਇਸ ਅਤੇ ਟੈਕਸਟ ਸੁਨੇਹਿਆਂ ਦੀ ਵਰਤੋਂ ਕੀਤੀ ਗਈ।

**ਟੇਬਲ 2: ਕਾਲੇ ਮਾਂਹ ਦੀ ਆਰਥਿਕਤਾ 2015-16**

| ਗਤੀਵਿਧੀਆਂ | ਸੁਧਰੀ ਕਿਸਮ ਨਵੀਂਆਂ ਤਕਨੀਕਾਂ ਨਾਲ- VBN 4 (Rs.) | ਦੇਸੀ ਕਿਸਮ ਰਵਾਇਤੀ ਤਕਨੀਕਾਂ ਨਾਲ- T9 (Rs.) |
|---|---|---|
| ਗਰਮੀਆਂ ਦੀ ਵਾਹੀ | 550 | NIL |
| ਰੂੜੀ ਦੀ ਖਾਦ (2 ਟਰਾਲੀਆਂ) | 3600 | NIL |
| ਬਿਜਾਈ ਤੋਂ ਪਹਿਲਾਂ ਵਾਹੀ (2 ਵਾਰ) | 900 | 1100 |
| ਬੀਜ ਦੀ ਮਾਤਰਾ (ਕਿਲੋ/ਏਕੜ) | 900 (6kg) | 1200 (8kg) |
| ਬੀਜ ਉਪਚਾਰ | 50 | NIL |
| ਬਿਜਾਈ | 500 (Machine sowing) | 200 |
| ਨਦੀਨ ਪ੍ਰਬੰਧਨ | 600 | 2000 |
| ਰੇਹ ਅਤੇ ਸਪ੍ਰੇਅ ਦਾ ਛਿੜਕਾਅ | 1000 | 500 |
| ਕਟਾਈ ਅਤੇ ਕਢਾਈ | 2000 | 2000 |
| ਝਾੜ (ਕਿਲੋ ਪ੍ਰਤੀ ਏਕੜ) | 350 | 140 |
| ਆਮਦਨ (ਰੁ: ਪ੍ਰਤੀ ਏਕੜ) | 31,500 | 12,600 |
| ਕੁੱਲ ਖਰਚ (ਰੁ: ਪ੍ਰਤੀ ਏਕੜ) | 10,100 | 7,000 |
| ਕੁੱਲ ਆਮਦਨ (ਰੁ: ਪ੍ਰਤੀ ਏਕੜ) | 21,400 | 5,600 |
| ਕੁੱਲ ਮੁਨਾਫਾ. ਰੁ: 21,400/ ਏਕੜ | | |

### ਸਿੱਟਾ

ਦਾਲ ਪੰਚਾਇਤ ਨੇ ਦਿਖਾਇਆ ਕਿ ਕਿਸ ਤਰ੍ਹਾ ਕਈ ਸ਼ੇਅਰ ਧਾਰਕ ਮੰਚਾਂ ਅਤੇ ਨੀਤੀ ਨਿਰਮਾਣ ਨੈੱਟਵਰਕਾਂ ਰਾਹੀ ਨਵੀਨਤਾਕਾਰੀ ਦ੍ਰਿਸ਼ਟੀਕੋਣ, ਗਿਆਨ ਪ੍ਰਬੰਧਨ ਦੇ ਨਾਲ ਦਾਲ ਉਤਪਾਦਨ ਵਿਚ ਸਵੈ-ਨਿਰਭਰਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਦਾਲ ਬਾਇਓਪਾਰਕ ਨਾਲ ਕਿਸਾਨਾਂ ਨੂੰ ਜ਼ਿਆਦਾ ਕੀਮਤ ਮਿਲੀ ਅਤੇ ਇਸਨੇ ਵਾਢੀ ਤੋਂ ਬਾਅਦ ਹੋਣ ਵਾਲੇ ਨੁਕਸਾਨ ਨੂੰ ਘਟਾ ਦਿੱਤਾ। ਇਹ ਤਰੀਕੇ ਮੰਗ ਅਤੇ ਪੂਰਤੀ ਦੇ ਵਿਚਕਾਰ ਦੀ ਦੂਰੀ ਨੂੰ ਘਟਾਉਣਗੇ।

### ਧੰਨਵਾਦ

ਅਸੀਂ ਛੋਟੇ ਕਿਸਾਨਾਂ ਨੂੰ ਫਾਇਦਾ ਕਰਨ ਦੇ ਲਈ ਦਾਲ ਪੰਚਾਇਤੋ ਦੀ ਪਹਿਲ ਨੂੰ ਅੱਗੇ ਲੈ ਜਾਣ ਵਿਚ ਉਹਨਾਂ ਦੇ ਸਹਿਯੋਗ ਅਤੇ ਪ੍ਰਤੀਬੱਧਤਾ ਲਈ ਇਲੂਪਪੁਰ ਐਗਰੀਕਲਚਰ ਪ੍ਰੋਡਿਊਸਰ ਕੰਪਨੀ ਲਿਮਿਟਡ ਦੇ ਧੰਨਵਾਦੀ ਹਾਂ। ਓਸੀਪੀ ਫਾਊਂਡੇਸ਼ਨ, ਮੋਰਾਕੋ, ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ, ਮੁੰਬਈ, ਏਸ਼ੀਆ ਇਨੀਸ਼ੀਏਟਿਵ, ਯੂ ਐਸ ਏ ਅਤੇ ਤਾਮਿਲਨਾਡੂ ਸਰਕਾਰ ਦੇ ਸਮਾਲ ਫਾਰਮਰਜ਼ ਐਗਰੀ ਬਿਜਨੈਸ ਕੋਨਸੋਰਟੀਅਮ ਦੁਆਰਾ ਆਰਥਿਕ ਸਹਿਯੋਗ ਦਿੱਤੇ ਜਾਣ ਲਈ ਧੰਨਵਾਦੀ ਹਾਂ। ਅਸੀ ਐਮ ਐਸ ਸਵਾਮੀਨਾਥਨ ਰਿਸਰਚ ਫਾਊਂਡੇਸ਼ਨ ਦੇ ਡਾਇਰੈਕਟਰ ਦੁਆਰਾ ਪ੍ਰਦਾਨ ਕੀਤੀ ਸਮੁੱਚੀ ਅਗਵਾਈ ਲਈ ਸ਼ੁਕਰਗੁਜ਼ਾਰ ਹਾਂ। ◆

ਆਰ ਐਸ ਸ਼ਾਂਤਾਕੁਮਾਰ ਹੌਪਰ,
ਡਾਇਰੈਕਟਰ, ਈਕੋਟੈਕਨੋਲੋਜੀ,
ਐਮ ਐਸ ਸਵਾਮੀਨਾਥਨ ਰਿਸਰਚ ਫਾਊਂਡੇਸ਼ਨ,
3 ਕਰਾਸ ਸਟ੍ਰੀਟ, ਤਾਰਾਮਨੀ ਇੰਸਟੀਟਿਊਸ਼ਨਲ ਏਰੀਆ,
ਚੇਨਈ 600113, ਈਮੇਲ- hopper@mssrf.res.in

Pulse Panchayat

*Achieving self sufficiency in pulse production*

LEISA INDIA, Vol-18, No.2, June 2016